

# ਸੁਰੱਖਸ਼ਾ ਤੇ ਹਸਤਨਾਪੁਰ

ਚਰਨ ਸਿੰਘ

# ਸੁਰੱਖਸ਼ਾ
# ਤੇ
# ਹਸਤਨਾਪੁਰ

(ਛੋਟੀਆਂ ਤੇ ਲੰਬੀਆਂ ਕਵਿਤਾਵਾਂ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Surkhsha
# Te
# Hastnapur

(A Collection of Small & Long Poems)

By : CHARAN SINGH
9251 ARVIDA, DR.
RICHMOND B.C. V7A 4K5
CANADA
Phone : 604-448-0331
Email : virdycharan@gmail.com

©Author

Edition : 2013

Price : Rs. 200/-

Title Designed by : Harpreet Singh Virk

**Published by :**
Punjab Book Centre
Sector 22, Chandigarh
Tel. : 0172-2701952, 27855056

---

ਸੁਰੱਖਸ਼ਾ ਤੇ ਹਸਤਨਾਪੁਰ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਗਲੋਬਲ ਚੇਤਨਾ ਦੇ ਲੇਖਕ
## ਰਵਿੰਦਰ ਰਵੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਸੰਤੁਲਨ (ਕਾਵਿ ਸੰਗ੍ਰਹਿ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### <u>ਛਪਾਈ ਅਧੀਨ ਪੁਸਤਕਾਂ</u>

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਕੁਕਨੂਸ (ਕਾਵਿ ਸੰਗ੍ਰਹਿ)
(5) ਮੈਲੀ ਧਰਤੀ (ਕਾਵਿ ਸੰਗ੍ਰਹਿ)
(6) ਖ਼ਾਲੀ ਘਰ (ਕਾਵਿ ਸੰਗ੍ਰਹਿ)
(7) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(8) ਮੁਕਤੀ (ਲੰਬੀ ਕਵਿਤਾ)
(9) ਕ੍ਰਾਂਤੀ (ਕਾਵਿ ਸੰਗ੍ਰਹਿ)
(10) ਜਗਿਆਸਾ (ਕਾਵਿ ਸੰਗ੍ਰਹਿ)
(11) ਪ੍ਰਦੂਸ਼ਣ (ਕਾਵਿ ਸੰਗ੍ਰਹਿ)
(12) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(13) ਅਰਥ (ਕਾਵਿ ਸੰਗ੍ਰਹਿ)
(14) ਮਹਿਮਾ (ਕਾਵਿ ਸੰਗ੍ਰਹਿ)
(15) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(16) ਸਾਏ ਦਾ ਸਫ਼ਰ
(17) ਨੀਲਾ ਅਸਮਾਨ
(18) ਛੁੱਪ ਗਏ ਤਾਰੇ
(19) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਸਿਰ ਪੈਰ ਰਹਿਤ
2. ਸੂਰਜ ਤੇ ਦੇਸ਼
3. ਅੰਤਰੀਵ
4. ਧੁੱਖਦੀ ਅੱਗ
5. ਸੂਰਜ ਚੜ੍ਹੇਗਾ
6. ਹਨ੍ਹੇਰਾ ਮਨੁੱਖ
7. ਸੁੰਦਰਤਾ ਦਾ ਸ਼ਹਿਰ
8. ਬਸਤੀ ਤੇ ਸ਼ਹਿਰ
9. ਨਿੱਕੀ ਇੱਟ
10. ਮੈਂ ਜੰਗਲ ਸਮੁੰਦਰ ਤੇ ਦੁਨੀਆਂ

# ਸਿਰ ਪੈਰ ਰਹਿਤ

ਇਹ ਜੋ
ਬਿਨ ਪੈਰ੍ਹਾਂ ਦੇ ਧੜ
ਬਿਨ ਸਿਰਾਂ ਦੇ ਗਰਦਨਾਂ
ਅਖਵਾਉਂਦੇ ਲੋਕ ਹਨ
ਇਹ ਕਿੱਦਾਂ ਜਿਊਣਗੇ
ਕੀ ਕਰਨਗੇ
ਇਹ ਮੌਤ 'ਚ ਜ਼ਿੰਦਗੀ
ਜਾਂ
ਜ਼ਿੰਦਗੀ 'ਚ ਮੌਤ ਧਰਨਗੇ

-0-

ਇਹ ਅੱਖਾਂ ਹੁੰਦਿਆਂ ਵੀ
ਅੱਖਾਂ ਤੋਂ ਹੀਣ ਹਨ
ਇਹ ਅੰਨ੍ਹੀਆਂ ਅੱਖਾਂ ਦੇ
ਤਜ਼ਰਬੇ 'ਚ ਲੀਨ ਹਨ
ਇਹ ਸੂਰਜਾਂ ਦੇ ਨੈਣੀਂ
ਹਨ੍ਹੇਰੇ ਧਰ ਰਹੇ ਹਨ
ਇਹ ਲੋਕ ਕੀ ਚਾਹੁੰਦੇ ਹਨ
ਕੀ ਕਰ ਰਹੇ ਹਨ

-0-

ਇਹ ਜੋ
ਦੇਹ ਬਿਨ ਪ੍ਰਾਣ ਬਿਨ
ਜੀਣਾ ਚਾਹੁੰਦੇ ਹਨ
ਖੇਤਾਂ 'ਚ
ਕਣਕ ਚੌਲ ਬਾਜਰਾ
ਮੱਕੀ ਦੀ ਜਗ੍ਹਾ

ਕੈਪਸੂਲਾਂ ਦੀਆਂ ਫਸਲਾਂ
ਭੁੱਖ ਦੀਆਂ ਗੋਲੀਆਂ
ਤੇ ਬਾਰੂਦ ਉੱਗਾਉਣਾ
ਚਾਹੁੰਦੇ ਹਨ
ਕੀ ਸਿਰਜਣਾ ਚਾਹੁੰਦੇ ਹਨ
ਕੀ ਬਨਾਉਣਾ ਚਾਹੁੰਦੇ ਹਨ

-0-

ਇਹ ਜੋ ਗੋਲੀ ਖਾ ਕੇ
ਵਿੱਦਿਅਕ ਖ਼ੁਰਾਕ ਦੀ
ਪੁੜੀ 'ਚ ਅੰਬਰ ਭਰ ਕੇ
ਆਪਣੇ ਦੰਦਾਂ ਦੀ ਖੋੜ੍ਹ
ਧਰਤੀ ਬਨਾਲ ਭਰਨਾ
ਚਾਹੁੰਦੇ ਹਨ
ਇਹ ਕਿਹੜੀ ਉਤਪੱਤੀ
ਕਿਹੜੀ ਰੌਸ਼ਨੀ ਕਰਨਾ
ਚਾਹੁੰਦੇ ਹਨ
ਇਹ ਮਿੱਟੀ ਦੇ ਦੀਵਿਆਂ 'ਚ
ਅੰਬਰੀਂ ਪੁੜੀ ਦੇ ਕਿਹੜੇ
ਸੂਰਜ ਧਰਨਾ ਚਾਹੁੰਦੇ ਹਨ

-0-

ਇਹ ਕੀ ਵਿਸਥਾਰਨਾ
ਕੀ ਵਿਚਾਰਨਾ
ਚਾਹੁੰਦੇ ਹਨ
ਇਹ ਜੰਗਲਾਂ ਪਹਾੜਾਂ
ਸਮੁੰਦਰਾਂ ਨੂੰ
ਕੀ ਸੁਨਾਉਣਾ ਚਾਹੁੰਦੇ ਹਨ
ਇਹ ਕਿਹੜੇ

ਸੂਰਜਾਂ ਦੇ ਕਾਫ਼ਲੇ
ਸਿਰਜਣਾ ਚਾਹੁੰਦੇ ਹਨ
ਇਹ ਕਿਸ ਰੰਗ ਦੀ
ਹਰਿਆਵਲ ਪ੍ਰਕਿਰਤੀ 'ਚ
ਧਰਨਾ ਚਾਹੁੰਦੇ ਹਨ
ਇਹ ਕੀ ਖ਼ਾਲੀ
ਕੀ ਭਰਨਾ ਚਾਹੁੰਦੇ ਹਨ

–0–

ਇਨ੍ਹਾਂ ਦਾ
ਸੰਕਲਪ ਕੀ ਹੈ
ਸ਼ਬਦ ਕੀ ਹੈ ਅਰਥ ਕੀ ਹੈ
ਜਿਸ 'ਚ
ਲਹੂ ਮਾਸ ਦੀ ਥਾਂ
ਲੋਹੇ ਦੀ ਪਲਾਸਟਿਕ ਦੇ
ਅੰਗਾਂ ਨਕਸ਼ਾਂ ਤੇ ਹੱਡਾਂ ਦੀ
ਜ਼ਿੰਦਗੀ ਧਰਨਾ
ਚਾਹੁੰਦੇ ਹਨ
ਮੇਟ ਦੇ ਸੰਕਲਪ ਰੱਬ ਦਾ
ਕਿਹੜਾ ਰੱਬ
ਸਿਰਜਣਾ ਚਾਹੁੰਦੇ ਹਨ
ਕਿਹੜਾ ਰੱਬ ਮਾਰਨਾ
ਚਾਹੁੰਦੇ ਹਨ

–0–

ਇਹ ਲੋਕ
ਬਿਜਲੀ ਦੇ ਖਿਡਾਉਣੇ ਹਨ
ਇਨ੍ਹਾਂ ਦਾ ਵਜੂਦ
ਧਾਤ ਤੇ ਪਲਾਸਟਿਕ ਦਾ ਹੈ

ਇਨ੍ਹਾਂ ਦੀਆਂ ਨਾੜਾਂ ਹਨ
ਬਿਜਲੀ ਦੀਆਂ ਤਾਰਾਂ

-0-

ਇਨ੍ਹਾਂ ਦੇ ਲਹੂ 'ਚ
ਬਾਰੂਦ ਢਲਿਆ ਹੈ
ਮੁਬਾਅਇਲ ਤੇ ਗਰੀਸ
ਨਾਲ
ਇਨ੍ਹਾਂ ਦਾ ਜਿਸਮ
ਭਰਿਆ ਹੈ
ਇਨ੍ਹਾਂ ਦੀ ਅੱਖ 'ਚ
ਠੰਡਕ ਨਹੀਂ
ਪਿਘਲਿਆ ਲੋਹਾ
ਢਲਿਆ ਹੈ

-0-

ਇਨ੍ਹਾਂ ਦੀ ਦੇਹ ਸਵਾਸ ਨਹੀਂ ਲੈਂਦੀ
ਹਵਾ ਦੇ ਪਾਊਡਰ ਦੇ
ਫੱਕੇ ਮਾਰਦੀ ਹੈ
ਇਨ੍ਹਾਂ ਦਾ ਮੂੰਹ ਸੁਣਦਾ ਹੈ
ਕੰਨ ਬੋਲਦੇ ਹਨ
ਇਨ੍ਹਾਂ ਦੇ ਜ਼ਖ਼ਮਾਂ ਚੋਂ
ਲਹੂ ਨਹੀਂ ਸਿਮਦਾ
ਪਿਘਲਿਆ ਲੋਹਾ ਸਿਮਦਾ ਹੈ
ਜੋ ਅਨਾਜ ਦੇ ਖੇਤਾਂ 'ਚ
ਬਾਰੂਦ ਬਣ ਕੇ ਉੱਗਦਾ ਹੈ

-0-

ਇਹ ਲਾਵੇ ਦੀ
ਧਰਤੀ ਦੇ ਲੋਕ ਹਨ
ਇਨ੍ਹਾਂ ਦੇ ਸਿਰ ਤੇ ਬਿਜਲੀ

ਦਾ ਅੰਬਰ ਹੈ
ਪੈਰਾਂ 'ਚ ਯੁੱਧਾਂ ਦੀ ਮਾਰੀ
ਧਰਤ ਹੈ
ਇਨ੍ਹਾਂ ਦੇ ਲੋਕ ਪ੍ਰਲੋਕ
ਕਦੀ ਲਹੂ ਮਾਸ ਦੇ ਸਨ
ਕਦੀ ਲੋਹੇ ਪਲਾਸਟਿਕ ਤੇ
ਸ਼ੀਸ਼ੇ ਦੇ
ਅੱਜ ਇਹ ਬਿਜਲੀ ਦੇ
ਪੁੱਤ੍ਰਲੇ ਹਨ
ਕੰਪਿਊਟਰ ਦਾ ਵਜੂਦ ਹਨ

−0−

ਇਨ੍ਹਾਂ ਚੋਂ
ਸੱਚ ਸੁੰਦਰਤਾ ਕਲਿਆਣ
ਦਇਆ ਸਾਂਝੀਵਾਲਤਾ
ਪਿਆਰ ਮੁਹੱਬਤ ਆਲੋਪ ਹੈ
ਇਹ ਲਹੂ ਦੇ ਰੰਗ ਤੋਂ ਵੱਖਰੇ
ਮਨੁੱਖੀ ਰਿਸ਼ਤਿਆਂ ਤੋਂ ਖਾਲੀ
ਪਲਾਸਟਕ ਦੇ ਖੋਲ ਹਨ

−0−

ਇਨ੍ਹਾਂ ਚੋਂ ਮਰ ਗਿਆ ਹੈ
ਮਾਨਵ
ਇਨ੍ਹਾਂ ਚੋਂ ਕੁਦਰਤ ਦੂਰ ਹੈ
ਇਨ੍ਹਾਂ ਦਾ ਰੰਗ ਨਹੀਂ
ਖੁਸ਼ਬੂ ਨਹੀਂ ਨੂਰ ਨਹੀਂ
ਇਕ ਕਬਰਾਂ ਦੀ ਮਿੱਟੀ ਨੇ
ਇਨ੍ਹਾਂ 'ਚ ਰੂਹ ਨਹੀਂ
ਇਨ੍ਹਾਂ 'ਚ ਜਜ਼ਬ ਨਹੀਂ

ਅੱਥਰੂ ਨਹੀਂ ਹਾਸਾ ਨਹੀਂ
ਮਨੁੱਖੀ ਪੀੜ ਦਾ
ਅਹਿਸਾਸ ਨਹੀਂ
ਇਹ ਨਿਪੱਤਰੇ ਰੁੱਖ ਨੇ
ਇਨ੍ਹਾਂ ਦੀ ਛਾਂ ਵੀ
ਇਨ੍ਹਾਂ ਦੇ ਪਾਸ ਨਹੀਂ

-0-

ਇਨ੍ਹਾਂ ਹਵਾ ਵੰਡੀ ਹੈ
ਅੱਗਣ ਠਾਰੀ ਹੈ
ਪਹਾੜ ਭੋਰੇ ਹਨ
ਸਾਗਰਾਂ 'ਚ ਅੱਗ ਉਤਾਰੀ
ਹੈ
ਜਲ ਚੋਂ
ਸਹਿਰਾ ਉੱਗਾਇਆ ਹੈ
ਇਨ੍ਹਾਂ ਨੂੰ ਛੱਡ ਗਿਆ
ਇਨ੍ਹਾਂ ਦਾ ਸਾਇਆ ਹੈ

-0-

ਨਾ ਧਰਮ ਨਾ ਦੀਨ
ਨਾ ਈਮਾਨ ਇਨ੍ਹਾਂ ਦਾ
ਨਾ ਅਮਨ ਨਾ ਸ਼ਾਂਤੀ
ਨਾ ਸਾਂਝ ਦਾ ਰਿਸ਼ਤਾ
ਨਾ ਇਨਸਾਨ ਦੇ ਇਹ
ਨਾ ਇਨਸਾਨ ਇਨ੍ਹਾਂ ਦਾ

-0-

ਇਨ੍ਹਾਂ ਦਾ ਮੂੰਹ
ਇਨ੍ਹਾਂ ਦੇ ਢਿੱਡ ਤੇ ਲੱਗਾ ਹੈ

ਬਣ ਗਿਆ ਪੈਸਾ ਹੀ
ਭਗਵਾਨ ਇਨ੍ਹਾਂ ਦਾ
ਪੈਸਾ ਪਿਆਸ ਇਨ੍ਹਾਂ ਦੀ
ਪੈਸਾ ਹੀ ਲਹੂ ਮਾਸ ਜਿਸਮ ਹੈ
ਪੈਸਾ ਹੀ
ਜੀਵਣ ਆਸ ਇਨ੍ਹਾਂ ਦੀ

–0–

ਇਨ੍ਹਾਂ ਚੋਂ
ਇਨਸਾਨ ਦੀ ਕਦਰ
ਤੇ ਕੀਮਤ ਮਰ ਗਈ
ਮਨੁੱਖਤਾ ਮਰ ਗਈ
ਇਨਸਾਨੀਅਤ ਮਰ ਗਈ
ਆਪਣੀ ਹੀ ਸੋਚ
ਇਨ੍ਹਾਂ ਦਾ ਲਹੂ ਪਾਣੀ
ਕਰ ਗਈ

–0–

ਇਹ ਜੋ
ਬਿਨ ਪੈਰਾਂ ਦੇ ਧੜ
ਬਿਨ ਸਿਰਾਂ ਦੇ ਗਰਦਨਾਂ
ਅਖਵਾਉਂਦੇ ਨੇ ਲੋਕ
ਇਹ ਕਿੱਦਾਂ ਜਿਉਣਗੇ
ਕੀ ਕਰਨਗੇ
ਇਹ ਮੌਤ 'ਚ ਜ਼ਿੰਦਗੀ
ਜਾਂ
ਜ਼ਿੰਦਗੀ 'ਚ ਮੌਤ ਧਰਨਗੇ

----

## ਸੂਰਜ ਤੇ ਦੇਸ਼

ਐ ਸੂਰਜ
ਜਿਸ ਦੇਸ਼ ਦੀ ਸਰਹੱਦ ਤੇ
ਤੂੰ ਚੜ੍ਹਿਆ ਹੈਂ
ਉਹ ਸੁੱਤਾ ਹੈ
ਹਨ੍ਹੇਰੇ ਤੇ ਭ੍ਰਿਸ਼ਟਾਚਾਰ
ਨਾਲ ਭਰਿਆ ਹੈ
ਰਿਸ਼ਵਤਖੋਰੀ ਮੁਨਾਫਾਖੋਰੀ
ਚੋਰ ਬਾਜ਼ਾਰੀ ਦਾ ਘਰ ਹੈ
ਕਬਰਾਂ ਦੀ ਆਬਾਦੀ ਹੈ
ਸ਼ਮਸ਼ਾਨਾਂ ਦਾ ਦਰ ਹੈ

-0-

ਇਸ ਦੇਸ਼ 'ਚ
ਤੂੰ ਚਾਨਣ ਕਿੰਜ ਕਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ ਚੜ੍ਹੇਂਗਾ

-0-

ਸਰਹੱਦਾਂ
ਸੈਨਿਕਾਂ ਦੀਆਂ ਲਾਸ਼ਾਂ ਹਨ
ਸ਼ਹਿਰਾਂ ਤੇ ਪਿੰਡਾਂ ਦੇ
ਸ਼ਮਸ਼ਾਨ 'ਚ
ਪੁੱਤਰਾਂ ਦੀਆਂ ਮੜ੍ਹੀਆਂ
ਸੇਕਦੀਆਂ ਮਾਵਾਂ ਹਨ

ਦੇਹ ਤੋਂ ਪਛਾਵਿਆਂ ਤੱਕ
ਕਤਲਗਾਹਾਂ ਹਨ

-0-

ਇਸ ਦੇਸ਼ ਨੇ
ਆਪਣਾ ਸੱਚ ਵਿਸਾਰ
ਲਿਆ ਹੈ
ਝੂਠ ਅਨ੍ਹਿਆਏਂ ਤੇ ਹੇਰਾ ਫੇਰੀ ਦੇ
ਅੰਨ੍ਹੇ ਖੂਹ 'ਚ
ਆਪਾ ਉਤਾਰ ਲਿਆ ਹੈ
ਇਸ ਦੇ ਬੰਨ੍ਹੇਰਿਆਂ ਤੇ
ਤੂੰ ਕਿੰਜ ਦੀਵੇ ਧਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ ਚੜ੍ਹੇਂਗਾ

-0-

ਦੇਸ਼ ਦੀਆਂ ਕੰਧਾਂ
ਭੁਰੀਆਂ ਹਨ ਖੁਰੀਆਂ ਹਨ
ਵਿਹੜੇ
ਬਨਵਾਸੀ ਹੋ ਗਏ ਹਨ
ਵਾੜਾਂ ਖੇਤ ਖਾਂਦੀਆਂ ਹਨ
ਗਲੀਆਂ
ਘਰਾਂ ਦੇ ਰਾਹ ਭੁੱਲ ਗਈਆਂ
ਹਨ
ਧਰਤੀ ਬਾਂਝ ਹੈ

ਛੱਤਾਂ ਚੁੱਪ ਤੇ ਉਦਾਸ
ਹਨ
ਦੇਸ਼ ਦੀ
ਕੋਈ ਪਹਿਚਾਣ ਨਹੀਂ
ਸਿਆਣ ਨਹੀਂ

-0-

ਦੇਸ਼ ਵਾਸੀਆਂ ਦਾ
ਕੋਈ ਰਾਸ਼ਟਰੀ ਕਿਰਦਾਰ
ਨਹੀਂ
ਮੌਸਮ ਝੁਲਸੇ ਹਨ
ਬਹਾਰਾਂ ਜ਼ਖਮੀ ਹਨ
ਦੇਸ਼ ਦੇ ਹੱਡਾਂ 'ਚ
ਸਰਕਾਰੀ ਕੋਹੜ ਰਚਿਆ ਹੈ
ਪਰਜਾ ਦਾ ਚਿਹਰਾ
ਤਿੜਕਿਆ ਹੈ
ਮੰਦਰਾਂ ਤੇ ਮਸਜਿਦਾਂ 'ਚ
ਜਨੂੰਨੀ ਕਹਿਰ ਹੈ
ਰਾਸ਼ਟਰ 'ਚ ਫੈਲਿਆ
ਨਫ਼ਰਤ ਦਾ ਜ਼ਹਿਰ ਹੈ

-0-

ਤੂੰ ਦੇਸ਼ ਦੀ ਪਹਿਚਾਣ
ਕਿੰਜ ਦੇਸ਼ ਦੀ ਤਲੀ ਤੇ
ਧਰੇਂਗਾ
ਦੇਸ਼ 'ਚ ਹਨ੍ਹੇਰਾ ਹੈ

ਸੂਰਜ ਬਣਕੇ ਤੂੰ ਕਿੰਜ ਚੜ੍ਹੇਂਗਾ

-0-

ਦੇਸ਼ ਦੀ ਪਰਜਾ ਦੀ ਦੇਹ
ਠੰਡੀ ਹੈ
ਨਸਲਾਂ
ਜ਼ਾਤਾਂ ਤੇ ਰੰਗਾਂ 'ਚ ਵੰਡੀ ਹੈ
ਸਭ ਪੱਥਰ ਦੀ ਹੋਂਦ
ਹੰਢਾਉਂਦੇ ਹਨ
ਸਭ ਦਾ
ਆਪਣਾ ਆਪਣਾ ਰੱਬ ਹੈ
ਆਪਣਾ ਆਪਣਾ
ਵਿਸ਼ਵਾਸ ਹੈ
ਵਿੱਥਾਂ ਸਿਰਜਦੇ ਹਨ
ਵਿੱਥਾਂ ਜਿਉਂਦੇ ਹਨ
ਵਿੱਥਾਂ 'ਚ ਮਰਦੇ ਹਨ

-0-

ਤੂੰ ਦੇਸ਼ ਦੇ ਪਿੰਡੇ 'ਚ
ਏਕਤਾ ਦੀ ਰੌਸ਼ਨੀ
ਕਿੰਜ ਧਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ ਚੜ੍ਹੇਂਗਾ

-0-

ਇਸ ਦੇਸ਼ ਦੀ
ਹਵਾ ਬਾਸੀ ਹੈ
ਖ਼ੁਸ਼ਬੂ ਸੁਗੰਧ ਰਹਿਤ ਹੈ

ਗੰਦਗੀ ਦੀ ਵਾਸੀ ਹੈ
ਦੇਸ਼ ਦੀ ਭਾਸ਼ਾ
ਵਾਤਾਵਰਣ ਜ਼ੁਬਾਨ
ਨਫ਼ਰਤ ਉੱਗਲਦੀ ਹੈ
ਇੱਥੇ
ਹਰ ਸ਼ਾਮ ਸੜਦੀ ਹੈ
ਹਰ ਸੁਬ੍ਹਾ ਧੁੱਖਦੀ ਹੈ
ਦੇਸ਼ ਦੇ ਚੱਪੇ, ਚੱਪੇ ਤੇ
ਸੋਗ ਦਾ ਵਸੇਰਾ ਹੈ

-0-

ਇਸ ਦੇਸ਼ ਦੀ ਮੁਰਦਾ
ਦੇਹ 'ਚ
ਜੀਵਨ ਕਿੰਜ ਧਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ ਚੜੇਂਗਾ

-0-

ਇਸ ਰਾਸ਼ਟਰ ਦਾ
ਹਰ ਰਿਸ਼ਤਾ
ਮੌਤ ਦੇ ਰਾਹ ਤੇ ਪਿਆ ਹੈ
ਦੇਸ਼ ਦੇ ਵਸੇਬੇ 'ਚ
ਮੌਤ ਦਾ ਜੰਗਲ ਉੱਗ
ਰਿਹਾ ਹੈ
ਦੇਸ਼ ਦਾ ਹਰ ਬਸ਼ਰ

ਇਕ ਦੂਜੇ ਦਾ ਵੈਰੀ ਹੈ
ਦੇਸ਼ ਪਰਜਾ ਲਈ
ਪਰਜਾ ਦੇਸ਼ ਲਈ
ਅਜ਼ਨਬੀ ਹੈ

-0-

ਦੇਸ਼ ਦੀ ਨੁਹਾਰ ਤੇ
ਸੀਰਤ
ਔਰੰਗਜ਼ੇਬੀ ਹੈ ਗ਼ਜ਼ਨਵੀ ਹੈ
ਇਹ ਦੇਸ਼
ਲੁੱਟ ਦੀ ਮੰਡੀ ਹੈ
ਤੂੰ ਸੱਚ ਦਾ ਸੌਦਾ
ਇਥੇ ਕਿੰਜ ਕਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ
ਚੜ੍ਹੇਂਗਾ

-0-

ਇਸਦੀ ਪੂਜਾ ਪੁਜਾਰੀ
ਪੂਜਨ ਸਮੱਗਰੀ ਚੋਰ ਹੈ
ਇਸਦੀ ਆਰਤੀ
ਮੰਦਰ ਲੁੱਟੇਰੇ ਹਨ
ਇਸ 'ਚ
ਮਾਨਵਤਾ ਦੇ ਨਹੀਂ
ਜੰਗਲੀਪਣ ਦੇ ਡੇਰੇ ਹਨ

ਇਹ ਦੇਸ਼
ਅਸਭਿਅਕ ਲੋਕਾਂ ਦੀ
ਬਸਤੀ ਹੈ
ਇਥੇ ਜ਼ਿੰਦਗੀ ਮਹਿੰਗੀ
ਹੈ
ਮੌਤ ਸਸਤੀ ਹੈ
ਇਥੇ ਇਨਸਾਫ਼ ਨਕਲੀ
ਹੈ
ਈਮਾਨ ਨਕਲੀ ਹੈ
ਮੰਦਰਾਂ ਮਸੀਤਾਂ ਦਾ
ਭਗਵਾਨ ਨਕਲੀ ਹੈ

-0-

ਔਰਤਾਂ ਤੇ ਬੱਚਿਆਂ ਦੇ
ਬਾਜ਼ਾਰ ਸੱਜਦੇ ਹਨ
ਕੁਆਰੀਆਂ ਜੁਆਨੀਆਂ ਦੇ
ਜਿਸਮ ਵਿਕਦੇ ਹਨ
ਧਰਮ ਵਿਕਦਾ ਹੈ
ਈਮਾਨ ਵਿਕਦਾ ਹੈ
ਟੱਕੇ ਦੀ ਰਾਧਾ
ਟੱਕੇ ਦਾ ਸ਼ਾਮ ਵਿਕਦਾ ਹੈ
ਨਿਆਏਂ ਵਿਕਦਾ ਹੈ
ਜ਼ੁਰਮ ਦਾ ਸਾਮਾਨ
ਵਿਕਦਾ ਹੈ

ਕੱਫ਼ਨ ਵਿਕਦਾ ਹੈ
ਰਕਬਾ-ਏ-ਕਬਰਸਤਾਨ
ਵਿਕਦਾ ਹੈ
ਇੱਥੇ ਰੱਬ ਦਾ ਬੁੱਤ
ਤੂੰ ਕਿੰਜ ਧਰੇਂਗਾ
ਦੇਸ਼ 'ਚ ਹਨ੍ਹੇਰਾ ਹੈ
ਸੂਰਜ ਬਣਕੇ ਤੂੰ ਕਿੰਜ
ਚੜ੍ਹੇਂਗਾ

-0-

ਮੈਂ ਸੂਰਜ ਹਾਂ
ਮੇਰੀਆਂ ਕਿਰਨਾਂ
ਗੰਦਗੀ ਤੇ ਡਿੱਗਦੀਆਂ ਵੀ
ਮੈਲੀਆਂ ਨਹੀਂ ਹੁੰਦੀਆਂ
ਪਵਿੱਤਰ ਤੇ ਸ਼ੁੱਧ
ਰਹਿੰਦੀਆਂ ਹਨ
ਇਸ ਰਾਸ਼ਟਰ ਦੀ ਹੋਂਦ
ਤੇ ਮਾਹੌਲ
ਮੇਰਾ ਚਾਨਣ ਮੈਲਾ ਕਰ
ਨਹੀਂ ਸਕਦੇ
ਆਪਣਾ ਹਨ੍ਹੇਰਾ
ਮੇਰੇ 'ਚ ਧਰ ਨਹੀਂ ਸਕਦੇ

-0-

ਮੈਂ ਸੂਰਜ ਹਾਂ
ਜਾਗ੍ਰਿਤੀ ਦਾ ਪ੍ਰਕਾਸ਼

ਮੈਂ ਇਸ ਦੇਸ਼ ਦੇ
ਚੱਪੇ ਚੱਪੇ 'ਚ ਕਰਾਂਗਾ
ਜਦ ਤਕ
ਇਹ ਦੇਸ਼
ਜਾਗ੍ਰਿਤ ਨਹੀਂ ਹੁੰਦਾ
ਮੈਂ ਡੁੱਬਾਂਗਾ ਨਹੀਂ
ਚੜ੍ਹਿਆ ਰਹਾਂਗਾ
ਇਹ ਵਾਅਦਾ ਹੈ ਮੇਰਾ
ਇਹ ਵਾਅਦਾ ਹੈ ਮੇਰਾ

-0-

ਐ ਸੂਰਜ
ਜਿਸ ਦੇਸ਼ ਦੀ ਸਰਹੱਦ ਤੇ
ਤੂੰ ਚੜ੍ਹਿਆ ਹੈਂ
ਉਹ ਸੁੱਤਾ ਹੈ
ਹਨ੍ਹੇਰੇ ਤੇ ਭ੍ਰਿਸ਼ਟਾਚਾਰ
ਨਾਲ ਭਰਿਆ ਹੈ
ਰਿਸ਼ਵਤਖੋਰੀ ਮੁਨਾਫ਼ਾਖੋਰੀ
ਚੋਰ ਬਾਜ਼ਾਰੀ ਦਾ ਘਰ ਹੈ
ਕਬਰਾਂ ਦੀ ਆਬਾਦੀ ਹੈ
ਸ਼ਮਸ਼ਾਨਾਂ ਦਾ ਦਰ ਹੈ

----

## ਅੰਤਰੀਵ

ਮਾਨਵ ਬਣ
ਆਪਣੇ ਆਪ ਨੂੰ
ਮਾਂਜ ਸੁਆਰ
ਤਾਂ ਕਿ
ਦੁਆਲੇ ਨੂੰ ਆਕਰਸ਼ਤ
ਕਰ ਸਕੇਂ
ਆਪਣੀ ਖੁਸ਼ਬੂ
ਆਪਣਾ ਵਿਚਰਨ
ਲੋਕਾਂ 'ਚ ਧਰ ਸਕੇਂ
ਬਣਕੇ ਹਵਾ ਦਾ ਸੀਤ ਬੁੱਲ੍ਹਾ
ਤੱਪਦੀ ਭੀੜ ਚੋਂ ਲੰਘ
ਸਕੇਂ

-0-

ਆਪਣਾ ਆਪ ਪਹਿਚਾਣ
ਆਪਣਾ ਆਪ ਧਿਆ
ਆਪਣੇ ਆਪ 'ਚ ਉਤਰ
ਆਪਣੀ ਮਿੱਟੀ ਪੂਜ
ਆਪਣਾ ਅੰਦਰ ਹੰਗਾਲ

-0-

ਬਿੰਦੂਆਂ ਚੋਂ ਦਾਇਰੇ
ਰੁੱਖਾਂ ਚੋਂ ਜੰਗਲ
ਰੇਤ ਦੇ ਜ਼ਰੇ ਨੂੰ ਸਹਿਰਾ
ਕਿਣਕੇ ਨੂੰ ਪਹਾੜ ਵਿਖਾ

ਕਣੀਆਂ ਤੋਂ
ਬੱਦਲ ਹੋ ਜਾ
ਪੱਤੇ ਚੋਂ ਪ੍ਰਕਿਰਤੀ
ਜਨਮ
ਧਰਤ ਚੋਂ ਸੂਰਜ ਉੱਗਾ

–0–

ਰਿੜਕਦੇ
ਚੰਨ ਸੂਰਜ ਤਾਰੇ ਆਕਾਸ਼
ਕਿ ਸੱਚ ਨਜ਼ਰ ਆਏ
ਉਤਰ ਜਾ
ਪ੍ਰਕਿਰਤੀ ਦੇ ਲਹੂ 'ਚ
ਰੰਗਿਆ ਜਾ
ਹਰਿਆਵਲ 'ਚ
ਵੰਸ ਜਾ ਪੱਤੇ ਪੱਤੇ ਤੋਂ
ਜੜ੍ਹਾਂ ਦੇ ਮਾਹੌਲ 'ਚ

–0–

ਪ੍ਰਕਿਰਤੀ
ਤੇਰੇ 'ਚ ਸਿਮਟ ਜਾਏ
ਤੂੰ ਆਪਣੀਆਂ ਜੜ੍ਹਾਂ
ਨਾ ਭੁੱਲੇਂ
ਆਪਣਾ ਮੂਲ ਨਾ ਭੁੱਲੇਂ
ਤੂੰ ਜੰਗਲ ਚੋਂ
ਚਾਹੇ ਸ਼ੀਸ਼ੇ ਦੀ ਦੁਨੀਆਂ 'ਚ
ਉਤਰ ਜਾਏਂ

ਹੰਢਾ ਕੇ ਚੁੱਪ ਉਦਾਸੀ
ਇਕੱਲਤਾ ਉਜਾੜਾਂ ਦਾ
ਬਦਨ ਬੇਸ਼ੱਕ
ਚਾਹੇ ਸ਼ੀਸ਼ੇ ਲੋਹੇ ਪੱਥਰ
ਦੀਆਂ ਕੰਧਾਂ 'ਚ ਘਿਰ
ਜਾਏਂ

-0-

ਤੇਰੇ 'ਚ
ਮਹਿਕ ਕੁਦਰਤ ਦੀ ਸਦਾ
ਵੱਸਦੀ ਰਹੇ
ਤੇਰੇ ਚਿਹਰੇ ਤੇ ਹਰਿਆਵਲ
ਹੱਸਦੀ ਰਹੇ
ਤੇਰੇ ਦੁਆਲੇ ਦੀ
ਦੁਨੀਆਂ ਦੀ ਪਿਆਸ
ਤੇਰਾ ਜਲ ਬੁਝਾਉਂਦਾ ਰਹੇ
ਕੁਦਰਤ ਦਾ ਗੀਤ
ਪੱਥਰਾਂ ਦੇ ਸ਼ਹਿਰ
ਸ਼ੀਸ਼ੇ ਦੀ ਦੁਨੀਆਂ ਨੂੰ
ਸੁਣਾਉਂਦਾ ਰਹੇ

-0-

ਜ਼ਿੰਦਗੀ ਪੁਣਦੇ ਛਾਂਣਦੇ
ਮਨੁੱਖ ਤੋਂ ਜੋ ਦੂਰ ਹੋਇਆ
ਹੈ ਮਨੁੱਖ

ਜੋ ਮਨੁੱਖਤਾ ਵਲ
ਕੰਡ ਕਰਕੇ ਤੁਰ ਗਿਆ
ਆਪਣੇ ਤੋਂ
ਢਿੱਡ ਦੇ ਨਾਲ ਜੁੜ ਗਿਆ
ਮਨੁੱਖ ਨੂੰ
ਮਨੁੱਖ 'ਚ ਉਤਾਰ ਦੇ
ਢਿੱਡ ਦੇ ਲਾਲਚ ਦਾ ਸੱਚ
ਮਨੁੱਖ ਨੂੰ ਵਿਖਾਲ ਦੇ
ਮਨੁੱਖ ਦੀ ਬੁੱਧੀ 'ਚ ਢਾਲ ਦੇ
ਮਨੁੱਖ ਨੂੰ
ਮਨੁੱਖਤਾ ਦੇ ਲਹੂ 'ਚ ਤੋਰਦੇ
ਜ਼ਿੰਦਗੀ ਦੇ ਤਖ਼ਤ ਤੇ
ਬਿਠਾ ਦੇ

-0-

ਮਿਸਾਲ ਬਣ
ਸੱਚ ਸੁੰਦਰਤਾ ਕਲਿਆਣ ਦੀ
ਬਦਲ ਦੇ
ਆਪਣੇ ਸੱਚ ਦੇ ਆਸਰੇ
ਨੁਹਾਰ ਜ਼ਹਾਨ ਦੀ
ਜ਼ਿੰਦਗੀ ਦੇ ਸੱਚ ਦਾ ਸੂਰਜ
ਮਨੁੱਖ ਦੇ ਹਨ੍ਹੇਰੇ 'ਚ
ਉਤਾਰ ਦੇ

ਫੈਲ ਜਾ
ਬਣਕੇ ਮਹਿਕ ਧਰਤ ਦੀ
ਅੰਬਰ ਖਲਾਅ
ਬ੍ਰਹਮ ਤੇ ਬ੍ਰਹਿਮੰਡ
ਮਨੁੱਖਤਾ ਦੇ ਸਾਹਾਂ 'ਚ
ਢਾਲ ਦੇ

-0-

ਆਪਣੇ
ਅੰਦਰ ਦੀ ਪ੍ਰਕਿਰਤੀ ਚੋਂ
ਬ੍ਰਹਿਮੰਡ ਦੀ
ਸਮੱਗਰੀ ਪਹਿਚਾਣ
ਆਪਣੀ ਜੋਤ 'ਚ
ਸੂਰਜਾਂ ਦਾ ਸੂਰਜ ਉਤਾਰ
ਆਪਣੇ
ਆਦਿ ਤੇ ਅੰਤ ਨੂੰ
ਸੱਚ 'ਚ ਸਮੇਟ
ਹਵਾ ਨੂੰ ਜਨਮ
ਸਮੇਂ ਨੂੰ ਆਪਣੀਆਂ
ਬਾਹਾਂ 'ਚ ਲਪੇਟ

-0-

ਕੁਦਰਤੋਂ ਕਾਦਰ ਹੋ ਜਾ
ਸੁਤੰਤਰ ਪ੍ਰਾਣ ਹੋ
ਜਿਸਮ ਦੀ ਮੁਥਾਜ਼ੀ
ਤਿਆਗ

ਕੁਦਰਤ ਦਾ ਨੂਰ
ਧਰਤ ਦੀ ਚਾਦਰ
ਅੰਬਰ ਦਾ
ਸ਼ਾਹਮਿਆਨਾ ਹੋ ਜਾ

-0-

ਤੂੰ
ਬਿਨ ਪ੍ਰਾਣ ਬਿਨ ਦੇਹ
ਮੌਤ ਤੋਂ ਅਗੇਰੇ ਦਾ ਸਫ਼ਰ
ਕਰਨਾ ਹੈ
ਜ਼ਿੰਦਗੀ ਦੀ ਤਲੀ ਤੇ
ਚਾਨਣ ਦਾ ਸਾਗਰ
ਨੂਰ ਦਾ ਪਹਾੜ ਧਰਨਾ ਹੈ
ਪਿਆਰ ਨੇਕੀ
ਸਾਂਝੀਵਾਲਤਾ ਕਲਿਆਣ
ਤੇ ਸਬਰ ਸੰਤੋਖ ਦਾ ਰੁੱਖ
ਜ਼ਿੰਦਗੀ 'ਚ ਉੱਗਾਉਣਾ ਹੈ
ਮੌਤ ਤੋਂ ਪਿੱਛੋਂ
ਉਸ ਰੁੱਖ ਦੀ ਕੁਦਰਤ 'ਚ
ਜਿਊਂਣਾ ਹੈ
ਰੁੱਖ ਦੀ ਛਾਂ ਨੂੰ
ਹੰਢਾਉਣਾ ਹੈ

-0-

ਕਿਸੇ ਲਈ ਕਰ ਗੁਜ਼ਰ ਕੁੱਝ
ਸਿਰ ਤੋਂ
ਜ਼ਿੰਦਗੀ ਦਾ ਕਰਜ਼ਾ ਉਤਾਰ ਦੇ

ਆਪਣਾ ਲੋਕ ਪ੍ਰਲੋਕ
ਸੁਆਰ ਦੇ
ਦੇਹ ਬਿਨ ਪ੍ਰਾਣ ਬਿਨ
ਜ਼ਿੰਦਗ਼ੀ
ਜਨਮਦੀ ਹੈ
ਕਬਰ ਚੋਂ
ਵੱਧਦੀ ਫੁੱਲਦੀ ਤੇ ਪਲਰਦੀ
ਹੈ
ਮੌਤ ਤੋਂ ਅਗਲੇ ਜ਼ਹਾਨ 'ਚ

-0-

ਮੌਤ ਤੋਂ ਪਹਿਲਾਂ
ਧਰਤੀ ਤੇ ਵਸਦੇ ਲੋਕ
ਤਾਂ
ਜ਼ਿੰਦਗੀ ਦੇ ਸਾਏ ਹਨ
ਅਸਲ
ਜ਼ਿੰਦਗੀ ਦਾ ਸੱਚ
ਤਾਂ ਮੌਤ 'ਚ ਸਮਾਇਆ ਹੈ
ਮੌਤ ਤੋਂ ਪਹਿਲਾਂ
ਆਦਮੀ ਨੇ
ਜ਼ਿੰਦਗੀ ਦਾ ਭਰਮ
ਹੰਢਾਇਆ ਹੈ

-0-

ਮੌਤ ਤੋਂ ਪਹਿਲਾਂ
ਜ਼ਿੰਦਗੀ ਝੂਠ ਹੈ

ਮੌਤ ਤੋਂ ਪਿਛੋਂ
ਜ਼ਿੰਦਗੀ ਦਾ ਸੱਚ
ਨਜ਼ਰ ਆਉਂਦਾ ਹੈ
ਜਿੱਥੇ ਜ਼ਿੰਦਗੀ
ਪ੍ਰਾਣ ਤੇ ਦੇਹ ਦੀ ਮੁਥਾਜ਼
ਨਹੀਂ
ਪੈਰਾਂ 'ਚ ਧਰਤੀ ਦੀ ਮਹਿਕ
ਹੈ
ਸਿਰ ਤੇ ਅੰਬਰ ਦਾ ਨੂਰ
ਹੈ
ਦੁਆਲੇ
ਪ੍ਰਕਿਰਤੀ ਦਾ ਸੱਚ ਹੈ
ਮੌਸਮਾਂ ਬਹਾਰਾਂ ਰੁੱਤਾਂ ਦੀ
ਖ਼ੁਸ਼ਬੂ ਹੈ
ਸਮੇਂ ਦੀ ਬੰਦਸ਼ ਨਹੀਂ
ਜ਼ਿੰਦਗੀ ਦੀ ਸੁਤੰਤਰ ਹੋਂਦ ਹੈ

-0-

ਜ਼ਿੰਦਗੀ
ਉਸ ਦਰਪਣ ਦਾ ਮੁਖੜਾ ਹੈ
ਜੋ ਦਰਪਣ ਸਵੈ ਪ੍ਰਗਟ ਹੈ
ਨਿਰੰਤਰ ਹੈ
ਆਦਿ ਅੰਤ ਰਹਿਤ ਹੈ

-0-

ਜ਼ਿੰਦਗੀ ਮੌਤ ਦੀ ਸਰਦਲ ਤੇ

ਆਪਣੇ ਆਪ ਤੋਂ
ਆਪਣਾ ਜਿਸਮ ਉਤਾਰਦੀ
ਹੈ
ਦੇਹ ਦੀ ਬੰਦਸ਼ ਤੋੜਦੀ ਹੈ
ਲੰਘ ਕੇ
ਮੌਤ ਦੀ ਸਰਦਲ
ਜ਼ਿੰਦਗੀ ਆਪਣੇ ਆਪ ਨੂੰ
ਆਪਣੇ ਸੱਚ ਨਾਲ
ਜੋੜਦੀ ਹੈ
ਜਿੱਥੇ ਨੂਰ ਹੈ ਹੁਲਾਸਾ ਹੈ
ਨੂਰ ਦੇ ਸਾਹ ਭਰਦਾ
ਨੂਰ ਹੈ
ਨੂਰ ਦਾ ਪਿੰਡਾ ਤਰਦਾ
ਨੂਰ ਹੈ

-0-

ਇਸ ਨੂਰ ਚੋਂ
ਸੂਰਜਾਂ ਦਾ ਤੇਜ਼
ਹਵਾ ਦਾ ਵੇਗ ਜਨਮਦਾ ਹੈ
ਕੁਦਰਤ
ਤੇ ਕਾਦਰ ਦਾ ਕਾਰੋਬਾਰ
ਜਨਮਦਾ ਹੈ
ਜੀਵਨ ਜਨਮਦਾ ਹੈ
ਇਨਸਾਨ ਜਨਮਦਾ ਹੈ

ਇਹ ਨੂਰ
ਆਪਣਾ ਅੰਦਰ
ਆਪਣੇ ਦੁਆਲੇ ਓੜਦਾ ਹੈ
ਆਪਣੇ ਆਪ 'ਚ
ਸਮਾਉਂਦਾ ਹੈ
ਨੂਰ ਦਾ ਨੂਰ ਕਹਾਉਂਦਾ ਹੈ

-0-

ਤੂੰ
ਮਰਜੀਵੜਾ ਹੋ ਕੇ
ਜ਼ਿੰਦਗੀ ਜੀਓ
ਜ਼ਿੰਦਗੀ ਤੇ ਮੌਤ ਦੇ ਅਗੇਰੇ
ਸਫ਼ਰ ਲਈ
ਆਪਣਾ ਕਾਇਆਕਲਪ
ਕਰ
ਮਨੁੱਖਤਾ ਨੂੰ
ਆਪਣੇ ਸਾਹਾਂ 'ਚ ਵਸਾ
ਮਨੁੱਖ ਦੀ ਅਰਾਧਨਾ
ਤੇ ਪੂਜਾ ਕਰ

-0-

ਧਰਤੀ ਨੂੰ
ਆਪਣੀ ਦੇਹ 'ਚ ਉਤਾਰ
ਅੰਬਰ ਨੂੰ
ਆਪਣੇ ਨੈਣਾਂ 'ਚ ਪਾ
ਪੌਣਾਂ ਦਾ ਵੇਗ ਹੰਢਾ

ਸੱਚ ਸੁੰਦਰਤਾ ਤੇ ਕਲਿਆਣ
ਜ਼ਿੰਦਗੀ ਦੇ ਪਿੰਡੇ 'ਚ ਧਰ
ਅੱਗਣ ਦਾ ਤੇਜ਼ ਜੀਓ
ਸਾਗਰ ਦੀ ਚੂਲੀ ਭਰ
ਚੰਨਾਂ ਸੂਰਜਾਂ ਤਾਰਿਆਂ ਨੂੰ
ਖੇਤਾਂ 'ਚ ਛਿੜਕ

-0-

ਆਪਣਾ ਜਿਸਮ ਰਿੜਕ
ਵਿਸ਼ ਤੇ ਅੰਮ੍ਰਿਤ ਨਿਖੇੜ
ਮਾਨਵ ਦੇ ਮਸਤਕ 'ਚ
ਮਾਨਵ ਦੀ ਹੋਂਦ ਦਾ
ਦੀਵਾ ਜਗਾ
ਦੀਵੇ ਤੋਂ ਹੋ ਕੇ ਸੂਰਜ
ਸੂਰਜ ਤੋਂ ਹੋ ਕੇ ਕਿਰਨਾਂ
ਆਸਮਾਂ ਤੇ ਧਰਤ ਤੇ
ਵਿਛਦਾ ਜਾ

-0-

ਆਪਣੇ ਆਪ ਨੂੰ ਸੱਚ 'ਚ
ਢਾਲ
ਕਿਸੇ ਲਈ ਆਪਣੇ ਆਪ ਨੂੰ
ਬਲਦੀਆਂ ਅੱਗਾਂ 'ਚ ਉਤਾਰ
ਚਰਖੜੀਆਂ ਤੇ ਚੜ੍ਹ
ਆਪਣੇ
ਜਿਸਮ ਦਾ ਕੀਮਾ ਕਰਵਾ

ਗੱਡੀਆਂ ਦੇ ਹੇਠ ਆ
ਆਪਣਾ ਆਪਾ ਕਟਵਾ
ਨੇਜ਼ਿਆਂ ਤੇ ਟੰਗਿਆ ਜਾ
ਖੋਪਰੀਆਂ ਲੁਹਾ
ਸੀਸ ਤਲੀ ਤੇ ਧਰ
ਜਿਉਂਦੇ ਜੀਅ
ਨੀਹਾਂ 'ਚ ਚਿਣਿਆ ਜਾ
ਜ਼ਿੰਦਗੀ ਦੇ ਗੁਲਸ਼ਨ ਨੂੰ
ਆਪਣੇ ਲਹੂ ਨਾਲ ਸਿੰਝ
ਭਾਣਾ ਮੰਨ
ਆਪਣੇ ਆਪ ਨੂੰ
ਭਾਣੇ 'ਚ ਢਾਲ

-0-

ਇਸ ਤਰ੍ਹਾਂ
ਜ਼ਿੰਦਗੀ ਦਾ ਕਰਜ਼ਾ
ਤੂੰ ਆਪਣੇ ਸਿਰ ਤੋਂ
ਉਤਾਰੇਂਗਾ
ਜ਼ਿੰਦਗੀ 'ਚ
ਖੁਸ਼ੀਆਂ ਰੌਣਕਾਂ ਬਹਾਰਾਂ
ਖਿਲਾਰੇਂਗਾ
ਜ਼ਿੰਦਗੀ ਦੇ ਹਨ੍ਹੇਰੀਂ
ਦੀਵੇ ਜਗਾਏਂਗਾ
ਜ਼ਿੰਦਗੀ ਦਾ ਸੱਚ ਪਾਏਂਗਾ

-0-

ਮੌਤ ਦੀ ਸਰਦਲ ਤੋਂ ਉਰਾਂ
ਸੱਚ ਬੀਜ
ਮੌਤ ਦੀ ਸਰਦਲ ਤੋਂ ਪਾਰ
ਬੀਜੇ ਸੱਚ ਦੀ
ਛਾਂ ਹੰਢਾਏਂਗਾ

-0-

ਮਾਨਵ ਬਣ
ਆਪਣੇ ਆਪ ਨੂੰ
ਮਾਂਜ ਸੁਆਰ
ਤਾਂ ਕਿ
ਦੁਆਲੇ ਨੂੰ ਆਕਰਸ਼ਤ
ਕਰ ਸਕੇਂ
ਆਪਣੀ ਖ਼ੁਸ਼ਬੂ
ਆਪਣਾ ਵਿਚਰਨ
ਲੋਕਾਂ 'ਚ ਧਰ ਸਕੇਂ
ਬਣਕੇ ਹਵਾ ਦਾ ਸੀਤ ਬੁੱਲ੍ਹਾ
ਤੱਪਦੀ ਭੀੜ ਚੋਂ ਲੰਘ ਸਕੇਂ

----

## ਧੁੱਖਦੀ ਅੱਗ

ਮੇਰੇ
ਅੰਦਰ ਅੱਗ ਧੁੱਖਦੀ ਹੈ
ਨਾ ਮਚਦੀ ਹੈ ਨਾ ਬੁੱਝਦੀ ਹੈ
ਜਿਸ 'ਚ ਮੈਂ
ਧੁੱਖਦਾ ਜਾ ਰਿਹਾ ਹਾਂ
ਆਗਾਜ਼ ਤੋਂ ਪਹਿਲਾਂ ਹੀ
ਮੁੱਕਦਾ ਜਾ ਰਿਹਾ ਹਾਂ

-0-

ਸੋਚਦਾ ਹਾਂ
ਇਹ ਅੱਗ ਮਚਣ ਤੋਂ
ਪਹਿਲਾਂ
ਮੈਂ ਇਸਦਾ ਤੇਜ਼ ਚੁਰਾ ਲਵਾਂ
ਤੇ ਇਸ ਤੇਜ਼ ਦਾ ਚਾਨਣ
ਧਰਤੀ ਦੀਆਂ ਹਨ੍ਹੇਰੀਆਂ
ਜੜ੍ਹਾਂ ਨੂੰ ਲਾ ਦਿਆਂ

-0-

ਇਸ ਅੱਗ ਚੋਂ
ਮੈਂ ਤੇਜ਼ ਪੁਣ ਲਵਾਂ
ਆਪਣੇ ਦੁਆਲੇ ਦੇ ਰੁੱਖਾਂ 'ਚ
ਇਸ ਤੇਜ਼ ਦਾ ਚਾਨਣ ਕਰਾਂ
ਰੁੱਖਾਂ ਦੇ ਨੈਣੀਂ
ਨਵੀਆਂ ਮੰਜ਼ਿਲਾਂ ਤੇ ਰਾਹ ਧਰਾਂ

-0-

ਅੱਗ ਚੋਂ ਨੁਚੜੇ ਤੇਜ਼ ਦੀ

ਜੋ ਰਾਖ ਬਚੇਗੀ
ਵਿਸ਼ਵ 'ਚ ਖਲਾਰਾਂਗਾ
ਅਮਨ ਸ਼ਾਂਤੀ
ਤੇ ਪਿਆਰ ਦੀ ਠੰਡਕ
ਸੜਦੀ ਮਾਨਵਤਾ 'ਚ
ਉਤਾਰਾਂਗਾ

-0-

ਅੱਗਣ ਤੇਜ਼
ਵਿਸ਼ਵ ਵਿਦਿਆਲਿਆਂ
ਕਾਲਜਾਂ ਸਕੂਲਾਂ ਮੰਦਰਾਂ
ਮਸਜਿਦਾਂ 'ਚ ਲੈ ਜਾਵਾਂਗਾ
ਨੰਨ੍ਹੀਆਂ ਨੰਨ੍ਹੀਆਂ ਜੋਤਾਂ 'ਚ
ਗਿਆਨ ਦੇ
ਸੂਰਜ ਜਗਾਵਾਂਗਾ
ਜੀਵਨ ਦਾ
ਪ੍ਰਯੋਜਨ ਦਰਸਾਵਾਂਗਾ
ਨੰਨ੍ਹੇ ਨੰਨ੍ਹੇ ਪੌਦਿਆਂ ਚੋਂ
ਛਾਵਾਂ ਪੱਤਿਆਂ ਫੁੱਲਾਂ ਫਲਾਂ
ਤੇ ਆਲ੍ਹਣਿਆਂ ਵਾਲੇ ਰੁੱਖ
ਉੱਗਾਵਾਂਗਾ

-0-

ਤੇਜ਼ ਚੋਂ
ਮਨੁੱਖ ਆਪਣਾ ਤੇ
ਮਾਨਵ਼ਤਾ ਦਾ ਸੱਚ ਪਹਿਚਾਣੇਗਾ

ਇਸ ਦੀ ਰੌਸ਼ਨੀ
ਧਰਤੀ ਦੇ ਜ਼ਰੇ ਜ਼ਰੇ 'ਚ
ਖਿਲਾਰੇਗਾ
ਵਿਸ਼ਵ ਦੇ ਸਿਰ ਤੇ
ਨਵਾਂ ਅੰਬਰ
ਪੈਰਾਂ 'ਚ ਨਵੀਂ ਧਰਤੀ
ਉਸਾਰੇਗਾ

-0-

ਨਵੇਂ ਮਨੁੱਖ ਸਮਾਜ ਤੇ
ਸੰਸਾਰ ਦੀ ਸਿਰਜਣਾ
ਕਰੇਗਾ
ਤੇਜ਼ ਦੀ ਲੋਅ 'ਚ
ਤੁਰਦਾ ਤੁਰਦਾ ਮਨੁੱਖ
ਮਨੁੱਖਤਾ ਤੱਕ ਅੱਪੜ
ਜਾਏਗਾ
ਆਪ ਹੀ ਸੂਰਜ
ਆਪ ਹੀ ਕਿਰਨਾਂ ਕਹਾਏਗਾ

-0-

ਇਸ ਤੇਜ਼ ਦੀਆਂ ਕਿਰਨਾਂ
ਖੇਤਾਂ 'ਚ ਉੱਗਾਏਗਾ
ਖੇਤੀ ਦੇ ਨਵੇਂ ਨਵੇਂ ਢੰਗ
ਸਿੱਖਾਏਗਾ
ਧਰਤੀ ਇਕ ਹੀ ਸਮੇਂ
ਕਈ ਫ਼ਸਲਾਂ ਉੱਗਾਏਗੀ

ਮਾਨਵਤਾ ਦੀ ਭੁੱਖ
ਮਿਟਾਏਗੀ

-0-

ਇਸ ਤੇਜ਼ ਦੀ ਰੌਸ਼ਨੀ
ਵਿਸ਼ਵ ਦੇ ਘਰ ਘਰ 'ਚ
ਜਾਏਗੀ
ਘਰਾਂ 'ਚ ਦੀਵਿਆਂ ਦੀ ਥਾਂ
ਸੂਰਜ ਧਰੇਗੀ
ਵਿਸ਼ਵ ਦੇ ਚਿਹਰੇ ਤੇ
ਖੁਸ਼ਹਾਲੀ ਦੌੜਦੀ ਨਜ਼ਰ
ਆਏਗੀ

-0-

ਇਹ ਤੇਜ਼
ਮੈਂ ਸਮੁੰਦਰ ਦੇ ਹਵਾਲੇ
ਕਰਾਂਗਾ
ਸਮੁੰਦਰ ਦੇ ਅੰਦਰਲਾ
ਹਨ੍ਹੇਰਾ ਹਰਾਂਗਾ
ਸਮੁੰਦਰ 'ਚ ਵਸਦਾ
ਸੰਸਾਰ ਨਜ਼ਰ ਆਏਗਾ
ਇੱਕ ਇੱਕ ਬੂੰਦ 'ਚ
ਸਮੁੰਦਰ ਉਤਰ ਜਾਏਗਾ
ਇੱਕ ਇੱਕ ਬੂੰਦ ਦਾ ਚਿਹਰਾ
ਪੜ੍ਹੇਗਾ
ਅੱਗਣ ਦਾ ਤੇਜ਼ ਬੂੰਦਾਂ 'ਚ
ਧਰੇਗਾ

ਹਰ ਬੂੰਦ
ਸੂਰਜ ਹੋ ਜਾਏਗੀ
ਨੂਰ ਦਾ ਸਮੁੰਦਰ
ਕਹਾਏਗੀ

-0-

ਸਮੁੰਦਰ
ਆਪਣੇ 'ਚ ਵਸਦੇ ਜੀਵ
ਜੰਤੂ ਪਹਿਚਾਣੇਗਾ
ਆਪਣਾ ਸੱਚ ਜਾਣੇਗਾ
ਜੀਵਨ ਦਾ ਰੰਗ ਮਾਣੇਗਾ
ਤੇਜ਼ ਜਦ ਜੀਵ ਜੰਤੂਆਂ 'ਚ
ਉਤਰੇਗਾ
ਸਮੁੰਦਰ ਸੁੱਖ ਸ਼ਾਂਤੀ
ਤੇ ਅਮਨ ਦਾ ਮੁਜੱਸਮਾਂ
ਹੋ ਜਾਏਗਾ

-0-

ਤੇਜ਼
ਵਸਤੂ ਸੰਸਾਰ 'ਚ
ਬੀਜਣ ਤੋਂ ਪਹਿਲਾਂ
ਆਪਣੇ ਆਪ ਤੇ
ਪੈਰ ਧਰ ਲੰਘਣਾ ਪਏਗਾ
ਚਾਨਣ ਬੀਜਣ ਲਈ
ਸਮੁੰਦਰ ਅੱਗ ਦਾ
ਤਰਨਾ ਪਏਗਾ

ਵਸਤੂ ਸੰਸਾਰ ਦੇ
ਸਿਰ 'ਚ ਉਤਰ ਕੇ
ਪੈਰਾਂ 'ਚ ਉਤਰਨਾ ਪਏਗਾ

-0-

ਕਿਉਂਕਿ ਵਸਤੂ
ਸੰਸਾਰ ਦੀ ਭੀੜ 'ਚ
ਮੇਰਿਆਂ ਪੈਰਾਂ ਲਈ
ਕੋਈ ਥਾਂ ਨਹੀਂ
ਸੱਚ ਦਾ ਕੋਈ ਮੁੱਲ ਨਹੀਂ
ਸੱਚ ਲਈ ਕੋਈ ਚਾਅ ਨਹੀਂ
ਸੁੰਦਰਤਾ ਲਈ ਕੋਈ ਨਜ਼ਰ ਨਹੀਂ
ਕਲਿਆਣ ਲਈ
ਕੋਈ ਸੋਚ ਨਹੀਂ
ਵਸਤੂ ਸੰਸਾਰ 'ਚ
ਕਿਸੇ ਨੂੰ ਵੀ ਆਪਣੀ ਹੋਸ਼
ਨਹੀਂ
ਭੀੜ ਹੈ ਸ਼ੋਰ ਹੈ
ਵਸਤੂ ਸੰਸਾਰ ਜੰਗਲ ਦਾ
ਨਹੀਂ
ਕਾਗ਼ਜ਼ ਦਾ ਮੋਰ ਹੈ

-0-

ਅਰਥਹੀਣ
ਰਾਹ ਮੰਜ਼ਿਲਾਂ ਤੇ ਸਫ਼ਰ ਹਨ
ਵਸਤੂ ਸੰਸਾਰ ਦਾ ਸਿਰ ਸੁੰਨ ਹੈ

ਪੈਰ ਖੜ੍ਹੇ ਹਨ
ਸਿਰਫ਼ ਰਾਹ ਤੁਰਦੇ ਹਨ
ਸੱਚ ਤਾਂ ਇਹ ਹੈ
ਕਿ ਤੇਜ਼ ਲਈ
ਵਸਤੂ ਸੰਸਾਰ 'ਚ
ਕੋਈ ਥਾਂ ਨਹੀਂ
ਲੋੜ ਨਹੀਂ ਇੱਛਾ ਨਹੀਂ
ਕੋਈ ਚਾਹਤ ਨਹੀਂ

-0-

ਸਭ ਤੋਂ ਪਹਿਲਾਂ
ਇਹ ਤੇਜ਼
ਵਸਤੂ ਸੰਸਾਰ ਦੇ ਸਿਰ 'ਚ
ਬੀਜਣਾ ਪਏਗਾ
ਤਾਂ ਕਿ ਵਸਤੂ ਸੰਸਾਰ
ਤੇਜ਼ ਦੀ ਲੋਅ
ਮਹਿਸੂਸ ਕਰ ਸਕੇ
ਤੇਜ਼ ਸ਼ਬਦ ਦਾ ਅਰਥ
ਤੇ ਸੰਕਲਪ ਸਮਝ ਸਕੇ
ਸੱਚ ਦਾ ਯਥਾਰਥ ਜਾਣ ਸਕੇ

-0-

ਵਸਤੂ ਸੰਸਾਰ
ਆਪਣਾ ਹਨ੍ਹੇਰਾ ਤੇ ਤੇਜ਼ ਦਾ
ਚਾਨਣ ਪਹਿਚਾਣੇ
ਜਦ ਤੇਜ਼ ਦੀਆਂ

ਕਿਰਨਾਂ ਦੀ ਫ਼ਸਲ
ਵਸਤੂ ਸੰਸਾਰ ਦੇਂ ਸ੍ਰਿਰ 'ਚ
ਉੱਗੇਗੀ
ਤਾਂ ਵਸਤੂ ਸੰਸਾਰ
ਤੇਜ਼ ਦਾ ਵਜ਼ੂਦ ਹੋਂਦ ਤੇ
ਪ੍ਰਕਾਸ਼ ਜੀਵੇਗਾ
ਤੇਜ਼ ਦਾ ਸੱਚ ਹੰਢਾਏਗਾ
ਵਸਤੂ ਸੰਸਾਰ
ਹਨ੍ਹੇਰੇ ਤੋਂ ਮੁਕਤੀ ਲਈ
ਆਪਣੇ ਪੈਰਾਂ 'ਚ ਉਤਰ
ਆਏਗਾ
ਪੈਰਾਂ ਦੀ ਧਰਤ 'ਚ
ਤੇਜ਼ ਦੇ ਬੀਜ ਬੀਜੇਗਾ
ਫਿਰ ਧਰਤ ਚੋਂ ਸੂਰਜ
ਚੜ੍ਹਣਗੇ
ਹਨ੍ਹੇਰੇ ਗਰਕ ਕਰਨਗੇ

-0-

ਤੇਜ਼ ਦੇ ਚਾਨਣ 'ਚ
ਵਿਸ਼ਵ ਨੂੰ ਆਪਣਾ ਚਿਹਰਾ
ਨਜ਼ਰ ਆਏਗਾ
ਆਪਣੇ ਜਿਸਮ 'ਚ
ਫੈਲੇ ਕੋਹੜ ਤੋਂ
ਵਿਸ਼ਵ ਮੁਕਤ ਹੋ ਜਾਏਗਾ

-0-

ਫਿਰ ਨਵੇਂ ਮਨੁੱਖ ਸਮਾਜ
ਤੇ ਵਿਸ਼ਵ ਸਿਰਜਣ ਲਈ
ਵਸਤੂ ਸੰਸਾਰ ਦੀ
ਮਾਨਸਿਕਤਾ ਚੋਂ ਕਰੂੰਬਲ
ਫੁੱਟੇਗੀ
ਜੋ ਵਿਸ਼ਵ 'ਚ ਫੈਲਿਆ
ਹਨ੍ਹੇਰਾ ਹੂੰਝ ਸੁੱਟੇਗੀ

-0-

ਵਿਸ਼ਵ ਦੇ ਵਿਹੜੇ 'ਚ
ਚਾਨਣ ਦੇ ਫੁੱਲ ਖਿੜਣਗੇ
ਕਿਰਨਾਂ ਵਿਸ਼ਵ
ਰੁਸ਼ਨਾਉਣਗੀਆਂ
ਮੋਰ ਪੈਲਾਂ ਪਾਉਣਗੇ
ਕੋਇਲਾਂ
ਗੀਤ ਗਾਉਣਗੀਆਂ
ਮੌਸਮ ਬਾਹਰਾਂ ਰੁੱਤਾਂ
ਵਿਸ਼ਵ ਦੇ ਵਿਹੜੇ 'ਚ
ਰੰਗ ਰੌਣਕਾਂ ਖੁਸ਼ੀਆਂ
ਖੁਸ਼ਬੂਆਂ ਖਿਲਾਰਣਗੇ
ਅਮਨ ਸ਼ਾਂਤੀ ਤੇ
ਮਾਨਵਤਾ ਦੇ ਗੀਤ ਗੂੰਜਣਗੇ

-0-

ਚੰਨਾਂ ਸੂਰਜਾਂ ਤਾਰਿਆਂ ਸੰਗ

ਅੰਬਰ
ਧਰਤੀ ਤੇ ਆਣ ਢੁੱਕੇਗਾ
ਨਜ਼ਰਾਂ 'ਚ ਫੈਲਿਆ
ਦਿਸਹੱਦਿਆਂ ਦਾ ਫ਼ਾਸਲਾ
ਮੁੱਕੇਗਾ
ਜੈ ਮਾਨਵਤਾ
ਜੈ ਮਾਨਵਤਾ ਦੇ ਬੋਲ
ਗੂੰਜਣਗੇ
ਮਨੁੱਖ ਆਪਣਾ ਸਿਰਜਕ
ਆਪਣਾ ਕਰਤਾ ਕਹਾਏਗਾ
ਧਰਤੀ ਦੇ ਜ਼ਰੇ ਜ਼ਰੇ ਚੋਂ
ਸੱਚ ਦਾ ਸੂਰਜ ਉੱਗ ਆਏਗਾ

----

## ਸੂਰਜ ਚੜ੍ਹੇਗਾ

ਉਦਾਸ ਨਾ ਹੋ
ਸੂਰਜ ਚੜ੍ਹੇਗਾ
ਜੰਗਲ 'ਚ ਪਸਰਿਆ ਹਨ੍ਹੇਰਾ
ਰੌਸ਼ਨੀ 'ਚ ਢਲੇਗਾ
ਜੰਗਲ ਲਈ ਠਰ ਰਹੀ
ਰਾਤ ਨਿੱਘ ਦੇ ਸਾਹ ਭਰੇਗੀ
ਪੱਤੇ ਆਪਣੇ ਤੇ ਓੜੀ
ਚੁੱਪ ਉਤਾਰਨਗੇ

–0–

ਸੂਰਜ ਦੀਆਂ ਕਿਰਨਾਂ
ਜਦ ਪੱਤਿਆਂ ਚੋਂ
ਰੁੱਖਾਂ ਦੀਆਂ ਜੜ੍ਹਾਂ ਤੇ
ਪੈਣਗੀਆਂ
ਰੁੱਖ ਇਕ ਦੂਜੇ ਨੂੰ
ਮਿਲਣਗੇ
ਆਪਣੇ ਬੋਲ ਸਾਂਝੇ
ਕਰਨਗੇ
ਇਕ ਦੂਜੇ ਦੇ ਮੋਢਿਆਂ ਤੇ
ਆਪਣੇ ਸਿਰ ਧਰਨਗੇ
ਹਨ੍ਹੇਰੇ ਤੇ ਪਾਲੇ 'ਚ
ਗੁਜਾਰੀਆਂ ਰਾਤਾਂ ਦਾ
ਜ਼ਿਕਰ ਕਰਨਗੇ

–0–

ਕਿਰਨਾਂ ਦਾ ਸੇਕ
ਆਪਣੇ ਹੱਡਾਂ ਗੋਡਿਆਂ
ਪਿੰਡੇ 'ਚ
ਉਤਾਰਨਗੇ
ਤੇ ਆਪਣੇ ਆਪਣੇ
ਸਫ਼ਰ ਤੇ ਨਿਕਲ ਜਾਵਣਗੇ
ਸੂਰਜ ਛੁੱਪਣ ਤੇ
ਜੰਗਲ 'ਚ ਪਰਤਣਗੇ
ਇਕ ਦੂਜੇ ਦੇ ਨੈਣੀ
ਰਾਤਾਂ ਗੁਜ਼ਾਰਨਗੇ

-0-

ਫਿਰ ਦਿਨ ਚੜ੍ਹੇਗਾ
ਸਫ਼ਰ ਤੇ ਨਿਕਲਣਗੇ
ਪਰਤਣਗੇ
ਇਸ ਆਉਣ ਜਾਣ ਦੇ
ਸਫ਼ਰ 'ਚ
ਰੁੱਖ ਆਪਣੀ
ਉਮਰ ਗੁਜ਼ਾਰਨਗੇ
ਕਦੀ ਰੁੱਖ 'ਚ ਬੀਜ
ਕਦੀ ਬੀਜ 'ਚ ਰੁੱਖ ਦੀ ਜੂਨ
ਹੰਢਾਵਣਗੇ

-0-

ਉਦਾਸ ਨਾ ਹੋ ਦਿਨ ਚੜ੍ਹੇਗਾ
ਸਮੁੰਦਰ 'ਚ

ਸਮੁੰਦਰੀ ਜੋਤ
ਸਮੁੰਦਰੀ ਮੱਥੇ 'ਚ ਜਗੇਗੀ
ਪੌਣਾਂ ਸਮੁੰਦਰ ਦੇ ਦਰਪਣ ਦਾ
ਮੂੰਹ ਚੁੰਮਣਗੀਆਂ
ਸਮੁੰਦਰ ਦੀ ਹਰ ਬੂੰਦ ਨੂੰ
ਆਪਣੇ ਰੰਗ 'ਚ ਰੰਗਣਗੀਆਂ
ਜ਼ਿੰਦਗੀ
ਸਮੁੰਦਰ 'ਚ ਤੁਰੇਗੀ

-0-

ਲਹਿਰਾਂ
ਸਾਗਰ ਚੋਂ ਉੱਠਣਗੀਆਂ
ਕਿਨਾਰਿਆਂ ਨੂੰ ਮਿਲਣਗੀਆਂ
ਕਿਨਾਰਿਆਂ ਨੂੰ
ਸਾਗਰ 'ਚ ਰਾਤਾਂ ਗੁਜ਼ਾਰਨ
ਦਾ ਹਾਲ ਸੁਨਾਉਣਗੀਆਂ
ਚੜ੍ਹਦੇ ਸੂਰਜ ਨੂੰ
ਸਾਗਰ ਦੇ ਜਲ ਦਾ ਅਰਘਾ
ਚੜ੍ਹਾਉਣਗੀਆਂ

-0-

ਜ਼ਿੰਦਗੀ ਦੇ ਸਾਗਰ 'ਚ
ਸੂਰਜ ਚੜ੍ਹਣ ਤੇ ਡੁੱਬਣ 'ਚ

ਆਪਣੀਆਂ
ਕਿਰਨਾਂ ਖਿਲਾਰੇਗਾ
ਸਮੁੰਦਰ ਦੇ ਸਿਰ ਤੋਂ
ਪੈਰਾਂ ਤੱਕ
ਆਪਣਾ ਨਿੱਘ ਉਤਾਰੇਗਾ
ਸਮੁੰਦਰ ਦੇ ਜੀਵ ਜੰਤੂਆਂ ਦਾ
ਕਾਰੋਬਾਰ ਚਲੇਗਾ

-0-

ਸੂਰਜ ਦਾ ਨਿੱਘ
ਸਮੁੰਦਰ ਨੂੰ ਆਪਣੇ ਰੰਗ 'ਚ
ਰੰਗੇਗਾ
ਸਮੁੰਦਰ ਦੇ ਹੱਡਾਂ ਤੇ ਜੰਮੀਂ
ਠੰਡ ਸਮੇਟੇਗਾ
ਸਮੁੰਦਰੀ ਲਹਿਰਾਂ
ਕਿਰਨੀ ਨਹਾਵਣਗੀਆਂ
ਆਪਣੇ ਮੂੰਹ ਤੋਂ
ਕੋਰਾ ਉਤਾਰਨਗੀਆਂ
ਕਿਰਨਾਂ ਦੇ ਗੀਤ ਗਾਵਣਗੀਆਂ

-0-

ਸੂਰਜ ਦਾ ਨਿੱਘ
ਸਾਗਰ ਦੇ ਜਦ ਕੰਢੇ ਮੱਲੇਗਾ
ਨਿੱਘ ਦੀ ਨਦੀ
ਸਮੁੰਦਰ ਦੀ ਦੇਹ 'ਚ ਵਗੇਗੀ
ਸਮੁੰਦਰ ਆਪਣਾ ਜੀਵਨ
ਨਿੱਘ 'ਚ ਗੁਜ਼ਾਰੇਗਾ

ਕਦੀ ਆਪਣੇ ਪਿੰਡੇ
ਤ੍ਰਿਕਾਲਾਂ
ਕਦੀ ਸਰਘੀਆਂ ਉਤਾਰੇਗਾ
ਕਦੀ ਬੱਦਲ ਬਣਕੇ
ਅੰਬਰ 'ਚ ਤੁਰੇਗਾ
ਕ਼ਦੀ ਆਪਣੇ ਹੀ ਮੂੰਹ 'ਤੇ
ਕਦੀ ਸਹਿਰਾ ਦੇ
ਪਿੰਡੇ 'ਤੇ ਵਰ੍ਹੇਗਾ

-0-

ਉਦਾਸ ਨਾ ਹੋ
ਸੂਰਜ ਚੜ੍ਹੇਗਾ
ਪਹਾੜਾਂ ਦੀਆਂ ਚੋਟੀਆਂ ਤੋਂ
ਬਰਫ਼ ਪਿੱਘਲੇਗੀ
ਚਸ਼ਮਿਆਂ ਤੇ ਝਰਨਿਆਂ ਦਾ
ਰੂਪ ਧਾਰੇਗੀ
ਜ਼ਿੰਦਗੀ ਪੁੰਗਰ ਆਵੇਗੀ

-0-

ਪੰਛੀ ਆਪਣੇ ਪਰ ਖੋਲ੍ਹਣਗੇ
ਆਪਣੇ ਬੋਲ
ਪਹਾੜੀ ਵਾਦੀਆਂ 'ਚ ਘੋਲਣਗੇ
ਪਹਾੜੀ ਜ਼ੀਵ ਜੰਤੂ ਪਸ਼ੂ ਪਖ਼ਸ਼ੀ
ਪਹਾੜੀ ਕੁੰਦਰਾਂ ਚੋਂ
ਬਾਹਰ ਆਉਣਗੇ

ਸੂਰਜ ਦਾ ਨਿੱਘ ਮਾਣਨਗੇ
ਜ਼ਿੰਦਗੀ ਦੇ ਵਿਹੜੇ
ਧਮਾਲਾਂ ਪਾਉਣਗੇ

-0-

ਪਹਾੜਾਂ ਦੀਆਂ
ਵਾਦੀਆਂ 'ਚ ਬੰਸਰੀ
ਬਾਂਸ ਦੀ ਕੁੱਖ ਦੀ ਸੁਰ
ਸੁਣਾਏਗੀ
ਬਾਂਸ ਦਾ ਬ੍ਰਿਹਾ
ਪੌਣਾਂ ਦੀਆਂ ਤਲੀਆਂ ਤੇ
ਧਰੇਗੀ
ਪਹਾੜ ਦੀਆਂ ਢਲਾਣਾਂ ਤੇ
ਸਰਸਵਤੀ ਨਿਰਤ ਕਰੇਗੀ
ਸੂਰਜ
ਪਹਾੜਾਂ ਦੀਆਂ ਚੋਟੀਆਂ
ਝਰਨਿਆਂ ਚਸ਼ਮਿਆਂ
ਤੇ ਪੱਥਰਾਂ ਦਾ
ਕਿਰਨਾਂ ਸੰਗ ਮੂੰਹ ਧੋਵੇਗਾ

-0-

ਜ਼ਿੰਦਗੀ
ਪਹਾੜੀ ਸਿਖ਼ਰ ਤੋਂ
ਪੈਰਾਂ ਤੱਕ ਪਸਰ ਜਾਵੇਗੀ
ਪਹਾੜ ਨੂੰ
ਕੁੱਛੜ ਖਿਡਾਵੇਗੀ

ਪਹਾੜ ਦੀ ਰੌਣਕ
ਅੱਖੀਆਂ 'ਚ ਵਸਾਵੇਗੀ
ਜ਼ਿੰਦਗੀ ਤੱਕੇਗੀ ਜ਼ਿੰਦਗੀ
ਜ਼ਿੰਦਗੀ ਨੂੰ
ਜ਼ਿੰਦਗੀ ਨਜ਼ਰ ਆਵੇਗੀ

-0-

ਪਹਾੜ ਤੇ
ਪਹਾੜ ਦੀ ਪ੍ਰਕਿਰਤੀ
ਰਾਤ ਨੂੰ ਸੌਂਦੀ ਹੈ
ਦਿਨੇ ਜਾਗਦੀ ਹੈ
ਰਾਤ ਦਿਨ ਦੇ ਸਫ਼ਰ 'ਚ
ਆਪਣੀ
ਜ਼ਿੰਦਗੀ ਗੁਜ਼ਾਰਦੀ ਹੈ
ਰਾਤ ਦਾ ਹਨ੍ਹੇਰਾ
ਗਲ ਨਾਲ ਲਾਉਂਦੀ ਹੈ
ਦਿਨ ਦਾ ਚਾਨਣ
ਆਪਣੇ ਪਲਕੀਂ ਬਿਠਾਉਂਦੀ ਹੈ
ਰਾਤ ਹੋਣ ਤਕ ਜਾਗਦੀ ਹੈ
ਦਿਨ ਦੀ ਉੱਡੀਕ 'ਚ
ਰਾਤ ਗੁਜ਼ਾਰਦੀ ਹੈ

-0-

ਉਦਾਸ ਨਾ ਹੋ
ਸੂਰਜ ਚੜ੍ਹੇਗਾ
ਮਨੁੱਖ ਤੇ ਮਨੁੱਖਤਾ 'ਚ

ਉਜਾੜਾਂ 'ਚ ਬਹਾਰਾਂ 'ਚ
ਸੂਰਜ ਚੜ੍ਹਣ ਤੇ
ਵਸਤੂ ਸੰਸਾਰ
ਰਾਤ ਦੀ ਬੁੱਕਲ ਆਪਣੇ ਤੋਂ
ਉਤਾਰੇਗਾ
ਦਿਨ ਨੂੰ ਜੀ ਆਇਆਂ
ਆਖੇਗਾ
ਆਪਣੇ ਠਰੇ ਅੰਗਾਂ 'ਚ
ਧੁੱਪ ਉਤਾਰੇਗਾ
ਮੰਦਰਾਂ 'ਚ
ਮੰਤਰਾਂ ਤੇ ਸੰਖਾਂ ਦੀ ਗੂੰਜ
ਉੱਠੇਗੀ

-0-

ਮਸਜਿਦ ਚੋਂ
ਕੁਰਾਨ ਅਪਣਾ ਕੰਠ
ਖੋਲ੍ਹੇਗੀ
ਠਾਕੁਰ ਦੁਆਰਿਆਂ ਚੋਂ
ਬਾਣੀ ਦੇ ਸ਼ਲੋਕ ਬੋਲਣਗੇ
ਮੰਦਰ ਮਸਜ਼ਿਦ ਤੇ
ਠਾਕੁਰ ਦੁਆਰੇ ਪ੍ਰਭਾਤ ਦਾ
ਸੁਆਗਤ ਕਰਨਗੇ
ਸ਼ਰਧਾ ਦੇ ਫੁੱਲ
ਸੱਜਰੀ ਸਵੇਰ ਨੂੰ

ਅਰਪਣ ਕਰਨਗੇ
ਵੱਖਰੇ ਰੰਗ ਰਾਗ
ਗੀਤ ਤੇ ਸੰਗੀਤ
ਪੌਣਾਂ 'ਚ ਤਰੰਨਗੇ
ਗੁਲਸ਼ਨ ਦਾ ਕਾਰੋਬਾਰ
ਚੱਲੇਗਾ
ਮਨੁੱਖੀ ਕਾਰ ਵਿਹਾਰ ਚੱਲੇਗਾ

-0-

ਵਿਸ਼ਵ
ਆਪਣੇ ਖੰਭ ਖੋਲ੍ਹਕੇ
ਕਿਰਨਾਂ 'ਚ ਨਹਾਏਗਾ
ਕਾਇਨਾਤ ਦਾ ਕੰਠ
ਅਲਾਪ ਛੋਹੇਗਾ
ਸੂਰਜ ਕਿਰਨਾਂ
ਧਰਤੀ ਦੇ ਜ਼ਰੇ ਜ਼ਰੇ 'ਚ ਬੋਏਗਾ
ਕੁਦਰਤ ਦੇ ਕੰਠ ਚੋਂ
ਕਾਦਰ ਦਾ ਸ਼ਬਦ ਗੂੰਜੇਗਾ
ਧਰਤੀ ਦੇ ਸੀਨੇ ਚੋਂ ਉੱਠੇਗਾ
ਅੰਬਰ ਦੀ ਜੀਭਾ ਤੋਂ
ਬੋਲੇਗਾ

-0-

ਸੂਰਜ ਚੜ੍ਹਣ ਤੇ ਜ਼ਿੰਦਗੀ
ਜੀਵਨ 'ਚ ਰੁੱਝੇਗੀ
ਸ਼ਬਦ

ਸ਼ਬਦਾਂ ਵੱਲ ਤੁਰਨਗੇ
ਸੜਕਾਂ ਚੋਂ ਰੌਣਕ ਜਨਮੇਗੀ
ਰਾਹਾਂ ਚੋਂ ਪੈਰ ਜਨਮਣਗੇ
ਘੜੀਆਂ ਦੀਆਂ ਸੂਈਆਂ ਚੋਂ
ਆਵਾਜਾਈ ਲਈ
ਵਕਤ ਦੌੜੇਗਾ
ਬਾਜ਼ਾਰਾਂ ਸਟੇਸ਼ਨਾਂ
ਬਸ ਸਟੈਂਡਾਂ ਤੇ
ਸ਼ਬਦਾਂ ਦੀ ਭੀੜ ਜੁੜੇਗੀ

-0-

ਆਪਣੇ ਦਾਣੇ ਚੋਗੇ ਲਈ
ਪੰਛੀਆਂ ਦੀਆਂ ਡਾਰਾਂ
ਜੰਗਲ ਚੋਂ ਉੱਡਣਗੀਆਂ
ਫੈਕਟਰੀਆਂ ਦੀਆਂ
ਚਿਮਨੀਆਂ ਚੋਂ ਧੂੰਆਂ
ਉੱਠੇਗਾ
ਸਾਇਰਨ ਸ਼ਹਿਰ ਨੂੰ
ਵਕਤ ਦਾ
ਅਹਿਸਾਸ ਕਰਾਏਗਾ

-0-

ਸ਼ਹਿਰੀ ਸ਼ਬਦ ਕਾਰੋਬਾਰ 'ਚ
ਆਪਣਾ ਦਿਨ ਬਿਤਾਉਣਗੇ
ਤ੍ਰਕਾਲੀਂ ਘਰ ਪਰਤਣਗੇ
ਦਿਨ ਰਾਤ ਦੇ ਚੱਕਰ 'ਚ

ਆਪਣਾ
ਜੀਵਨ ਲੰਘਾਉਣਗੇ
ਦਿਨ ਰਾਤ ਦੇ ਚੱਕਰ ਤੋਂ
ਜਦ
ਸ਼ਬਦ ਮੁਕਤੀ ਪਾਉਣਗੇ
ਤਾਂ ਸ਼ਬਦ ਹੀ
ਸ਼ਬਦਾਂ ਦਾ ਅਰਥ ਕਹਾਉਣਗੇ

-0-

ਉਦਾਸ ਨਾ ਹੋ
ਸੂਰਜ ਚੜ੍ਹੇਗਾ
ਦੁਨੀਆਂ ਦਾ ਕਾਰੋਬਾਰ
ਚਲੇਗਾ
ਦਿਨ ਚੜ੍ਹੇਗਾ ਰਾਤ ਹੋਵੇਗੀ
ਸ਼ਾਮ ਹੋਵੇਗੀ
ਪ੍ਰਭਾਤ ਹੋਵੇਗੀ
ਇਸ ਤਰ੍ਹਾਂ
ਜ਼ਿੰਦਗੀ ਤਮਾਮ ਹੋਵੇਗੀ

----

## ਹਨ੍ਹੇਰਾ ਮਨੁੱਖ

ਉਹ ਇਕੱਲਾ
ਹਨ੍ਹੇਰੀਆਂ ਗਲੀਆਂ 'ਚ
ਤੁਰਿਆ
ਹਨ੍ਹੇਰੀਆਂ ਰਾਤਾਂ 'ਚ
ਘੁੰਮਿਆਂ
ਤੇ ਹਨ੍ਹੇਰੇ ਘਰ 'ਚ
ਆਪਣੇ ਦੁਆਲੇ ਹਨ੍ਹੇਰਾ
ਓੜ ਕੇ ਸੌਂ ਗਿਆ

-0-

ਉਸਨੂੰ ਚਾਨਣ ਤੋਂ
ਨਫ਼ਰਤ ਸੀ
ਸ਼ੋਰ 'ਚ
ਉਤਰਨਾ ਨਹੀਂ ਸੀ ਚਾਹੁੰਦਾ
ਉਹ ਆਖਦਾ
ਚਾਨਣ 'ਚ
ਮਨੁੱਖ ਦਾ ਦਾਗ਼ੀ ਚਿਹਰਾ
ਨਜ਼ਰ ਆਉਂਦਾ ਹੈ
ਸ਼ੋਰ ਚੁੱਪ ਨੂੰ ਜਨਮਦਾ ਹੈ

-0-

ਪਰ ਉਸਦੇ ਅੰਦਰ ਦੇ ਦਾਗ਼
ਸੂਰਜ ਵਾਂਗ ਬਲ ਰਹੇ ਸਨ
ਗਿੱਲੀ ਲੱਕੜ ਵਾਂਗ

ਧੁੱਖ ਰਹੇ ਸਨ
ਇਹ ਦਾਗ਼
ਦਿੱਸਣ ਤੋਂ ਪਹਿਲਾਂ
ਉਹ ਆਪਣਾ ਅੰਦਰ
ਆਪਣੇ ਆਪ 'ਚ ਛੁਪਾ ਲੈਂਦਾ
ਤੇ ਚੁੱਪ ਚਾਪ
ਪਾਉੜੀਆਂ ਉਤਰ ਕੇ
ਹਨ੍ਹੇਰੇ ਜੰਗਲ 'ਚ ਉਤਰ
ਜਾਂਦਾ

-0-

ਜਿੱਥੇ ਰੁੱਖ ਹੁੰਦੇ
ਰੁੱਖ ਰੁੱਖਾਂ ਚੋਂ ਦਾਗ਼ ਨਹੀਂ
ਭਾਲਦੇ
ਰੁੱਖ ਰੁੱਖਾਂ ਨੂੰ ਦਾਗ ਨਹੀਂ
ਦਿੰਦੇ
ਜ਼ਖ਼ਮ ਨਹੀਂ ਦਿੰਦੇ
ਬਲਕਿ
ਫੁੱਲ ਫੱਲ ਪੱਤੀਆਂ ਛਾਵਾਂ ਤੇ
ਮਹਿਕ ਦਿੰਦੇ ਹਨ

-0-

ਦਾਗ
ਸਿਰਫ਼ ਮਨੁੱਖ
ਮਨੁੱਖ ਨੂੰ ਦਿੰਦਾ ਹੈ
ਜ਼ਖ਼ਮ ਸਿਰਫ਼

ਮਨੁੱਖ ਮਨੁੱਖ ਨੂੰ ਦਿੰਦਾ ਹੈ
ਦਰਦ ਸਿਰਫ਼ ਮਨੁੱਖ
ਮਨੁੱਖ ਨੂੰ ਦਿੰਦਾ ਹੈ

-0-

ਉਹ ਭੀੜ
ਦੀਆਂ ਉਂਗਲਾਂ ਚੋਂ
ਰੇਤ ਵਾਂਗ ਕਿਰ ਗਿਆ
ਤੇ ਸ਼ੋਰ ਦੇ ਵਜੂਦ 'ਚ
ਚੁੱਪ ਵਾਂਗ ਬੀਜਿਆ ਗਿਆ
ਉਸਨੇ
ਆਪਣੇ ਬਦਨ ਚੋਂ
ਭੀੜ ਮਨਫ਼ੀ ਕਰ ਦਿੱਤੀ
ਤੇ ਸ਼ੋਰ 'ਚ ਚੁੱਪ ਉੱਗਾ ਲਈ
ਹੁਣ ਉਹ
ਇਕੱਲਤਾ ਹੰਢਾਉਂਦਾ
ਹਨ੍ਹੇਰੇ 'ਚ ਰਹਿੰਦਾ ਤੇ ਚੁੱਪ
ਜਿਉਂਦਾ

-0-

ਉਸਦੇ ਕਮਰੇ ਦੀ
ਨਾ ਕੰਧਾਂ ਨਾਂ ਛੱਤ ਨਾ ਫ਼ਰਸ਼
ਨਾਲ ਸਾਂਝ ਸੀ
ਕਮਰੇ ਦਾ ਵਜੂਦ
ਗਲੀਆਂ ਲਈ ਓਪਰਾ ਸੀ

ਕਮਰਾ ਸ਼ਹਿਰ ਲਈ
ਅਜ਼ਨਬੀ ਸੀ
ਬੂਹੇ ਬਾਰੀਆਂ ਰੌਸ਼ਨਦਾਨ
ਸਭ
ਕਮਰੇ ਲਈ
ਅੰਨ੍ਹੇ ਬੋਲੇ ਤੇ ਗੂੰਗੇ
ਸ਼ਬਦ ਸਨ
ਕਮਰੇ ਦੇ ਵਜੂਦ 'ਚ
ਚੁੱਪ ਇਕੱਲਤਾ ਤੇ ਹਨ੍ਹੇਰਾ
ਜਿਉਂਦੇ ਅਰਥ ਸਨ

-0-

ਉਸਦੀ ਤੇ ਕਮਰੇ ਦੀ
ਖ਼ੂਬ ਬਣਦੀ ਸੀ
ਕਮਰੇ ਦੀ ਇਕਾਂਤ
ਚੁੱਪ ਤੇ ਹਨ੍ਹੇਰਾ
ਜਦ ਉਸਦੀ ਚੁੱਪ ਇਕਾਂਤ
ਤੇ ਹਨ੍ਹੇਰੇ 'ਚ ਰਲਦੇ
ਤਾਂ ਚੜ੍ਹਦੇ ਸੂਰਜ ਢਲਦੇ
ਕਮਰੇ ਦੀ ਚੁੱਪ
ਇਕਾਂਤ ਤੇ ਹਨ੍ਹੇਰੇ 'ਚ
ਉਸਨੂੰ
ਆਪਣੀ ਚੁੱਪ ਇਕਾਂਤ ਤੇ
ਹਨ੍ਹੇਰਾ ਨਜ਼ਰ ਆਉਂਦੇ

ਤੇ
ਉਹ ਹੋਰ ਵੀ ਗਹਿਰੀ ਚੁੱਪ
ਹਨ੍ਹੇਰੇ ਤੇ ਇਕਾਂਤ 'ਚ
ਉਤਰ ਜਾਂਦਾ

-0-

ਬਾਜ਼ਾਰਾਂ 'ਚ
ਜਗਮਗਾਉਂਦੀ ਰੌਸ਼ਨੀ
ਲਿਸ਼ਕਦੀਆਂ ਚੀਜ਼ਾਂ
ਰੰਗ ਸ਼ੋਖੀਆਂ ਤੇ
ਮਸਤਕੀ ਚਾਨਣ ਨਾਲ
ਜਗਦੇ ਚਿਹਰੇ
ਉਸਨੂੰ ਚੰਗੇ ਨਾ ਲਗਦੇ
ਸਮੁੰਦਰ ਕਿਨਾਰੇ
ਖਿੜੀ ਧੁੱਪ 'ਚ ਰੇਤ ਦਾ ਬਦਨ
ਚੰਨ ਦੀ ਚਾਂਦਨੀ
ਤਾਰਿਆਂ ਦੀ ਲੋਅ
ਉਸਨੂੰ ਬੜਾ ਉਪਰਾਮ ਕਰਦੇ

-0-

ਉਸਦੇ ਅੰਦਰ
ਹਜ਼ਾਰਾਂ ਚਿਹਰੇ
ਆਪਣੇ ਮਸਤਕ ਦੀ ਲੋਅ
ਬੁੱਝਾ ਕੇ ਤੁਰਦੇ ਫਿਰਦੇ
ਬੁੱਝਿਆ ਚੰਨ ਹਨ੍ਹੇਰੀ ਚਾਂਦਨੀ

ਤੇ ਲੋਅ ਰਹਿਤ
ਤਾਰਿਆਂ ਦੇ ਵਜ਼ੂਦ
ਉਸਦੀ ਨਜ਼ਰ 'ਚ ਖਿਲਰੇ
ਪਏ ਸਨ
ਹਨ੍ਹੇਰਿਆਂ ਦੇ ਕਾਫ਼ਲੇ
ਕਾਲਿਆਂ ਸਾਇਆਂ ਦੀ
ਭੀੜ ਦੇ ਹਜ਼ੂਮ
ਉਸ 'ਚ ਮੌਜ਼ੂਦ ਸਨ

-0-

ਉਸਨੇ
ਵਸਤੂ ਸੰਸਾਰ 'ਚ ਹਨ੍ਹੇਰਾ
ਭਰਨ ਲਈ
ਅੰਬਰ ਦਾ ਸੂਰਜ ਫੜਿਆ
ਤੇ ਮੂੰਹ 'ਚ ਪਾ ਲਿਆ
ਹੁਣ ਉਸਦੇ ਬਾਹਰ
ਦਿਨ ਵੇਲੇ ਵੀ
ਰਾਤ ਵਰਗਾ ਹਨ੍ਹੇਰਾ ਸੀ

-0-

ਪਰ
ਉਸਦਾ ਅੰਦਰ ਚਾਨਣ
ਨਾਲ ਭਰ ਗਿਆ
ਉਸਦੇ ਅੰਦਰ ਦਾ
ਸਾਰਾ ਬ੍ਰਹਿਮੰਡ

ਜਗਮਗਾ ਉੱਠਿਆ
ਉਸਦਾ ਪਿੰਡਾ
ਸੂਰਜਾਂ ਵਾਂਗ ਜਗਦਾ
ਉਸਦੇ ਖੁੱਲ੍ਹੇ ਦੰਦਾਂ ਦੀ
ਵਿਰਲ ਚੋਂ
ਸੂਰਜ ਦੀਆਂ ਕਿਰਨਾਂ
ਬਾਹਰ ਆਉਂਦੀਆਂ

-0-

ਉਸਦੀਆਂ ਨਾਸਾਂ
ਤੇ ਕੰਨਾਂ ਚੋਂ ਸੂਰਜ ਝਾਕਦਾ
ਉਹ ਹਨ੍ਹੇਰੇ 'ਚ
ਤੁਰਦਾ ਫਿਰਦਾ ਵੀ
ਬਾਹਰਲੇ ਹਨ੍ਹੇਰੇ ਨੂੰ
ਨਜ਼ਰ ਆਉਂਦਾ
ਅੰਦਰਲਾ ਚਾਨਣ
ਉਸ 'ਚ ਫੈਲਦਾ ਗਿਆ
ਉਸਦਾ ਅੰਦਰ ਤੇ ਬਾਹਰ
ਚਾਨਣ ਨੇ
ਆਪਣੀ ਬੁੱਕਲ 'ਚ ਲੈ
ਲਿਆ

-0-

ਹੁਣ ਉਹ ਜਦ ਵੀ
ਆਪਣੇ ਆਪ ਤੋਂ ਆਪਾ
ਉਤਾਰਦਾ

ਉਸਦਾ ਜਿਸਮ
ਕਰੋੜਾਂ ਸੂਰਜਾਂ ਵਾਂਗ ਜਗਦਾ
ਬਾਹਰਲੇ ਹਨ੍ਹੇਰੇ 'ਚ
ਚਾਨਣ ਖਲੇਰਦਾ
ਚਾਨਣ 'ਚ
ਉਸਨੂੰ ਆਪਣਾ ਅੰਦਰ
ਬਾਹਰ ਨਜ਼ਰ ਆਉਂਦਾ
ਆਪਣੇ ਵਾਂਗ ਨਕਸ਼ਾਂ
ਤੇ ਚਿਹਰੇ ਦੀ
ਪਹਿਚਾਣ ਹੁੰਦੀ

-0-

ਉਸਨੇ
ਆਪਣਾ ਸੱਚ ਪਹਿਚਾਣਿਆਂ
ਦੇਹ ਚੋਂ
ਚਾਨਣ ਦਾ ਅੰਕੁਰ
ਕੱਢ ਕੇ ਬਾਹਰ ਧਰ ਦਿੱਤਾ
ਆਪਣਾ
ਅੰਦਰ ਤੇ ਦੁਆਲਾ
ਚਾਨਣ ਨਾਲ ਭਰ ਦਿੱਤਾ

-0-

ਹੁਣ ਸੂਰਜ
ਅੰਬਰ ਚੋਂ ਨਹੀਂ ਚੜ੍ਹਦਾ
ਉਸਦੀ ਦੇਹ ਚੋਂ ਚੜ੍ਹਦਾ ਹੈ

ਬਾਹਰੋਂ
ਅੰਦਰ ਉਤਰਦਾ ਹੈ
ਅੰਦਰੋਂ
ਬਾਹਰ ਆਉਂਦਾ ਹੈ
ਉਸਦਾ ਸੂਰਜ
ਹੁਣ ਡੁੱਬਦਾ ਨਹੀਂ
ਸਦਾ ਚੜ੍ਹਿਆ ਹੀ ਰਹਿੰਦਾ ਹੈ
ਲੋਕਾਂ
ਉਸਦਾ ਨਾਂ ਬਦਲ ਕੇ
ਰਵੀ ਰੱਖ ਦਿੱਤਾ
ਉਸਦੇ ਕਮਰੇ ਦੇ ਦਰਵਾਜ਼ੇ ਤੇ
ਸੂਰਜ ਲਿਖ ਕੇ ਧਰ ਦਿੱਤਾ

----

# ਸੁੰਦਰਤਾ ਦਾ ਸ਼ਹਿਰ

ਸੁੰਦਰਤਾ ਦਾ ਸ਼ਹਿਰ
ਨਿੱਕੀਆਂ ਸੋਨੇ ਦੀਆਂ
ਇੱਟਾਂ ਦਾ ਬਣਿਆ ਹੈ
ਇਸਦੇ ਨੈਣਾਂ 'ਚ
ਪੁਰਾਣੀ ਸਭਿਅਤਾ ਦਾ
ਰੰਗ ਹੈ ਰੂਪ ਹੈ ਜ਼ਮਾਨਾਂ ਹੈ

–0–

ਇਸ 'ਚ ਖੰਡਰ
ਝੀਲਾਂ ਸਰੋਵਰ ਹਨ
ਹਵੇਲੀਆਂ ਮੰਦਰ
ਪੁਰਾਤਣ ਕਲਾ ਕ੍ਰਿਤਾਂ
ਦੇ ਨਮੂਨੇ ਹਨ

–0–

ਇਹ ਸ਼ਹਿਰ
ਆਦਿ ਸਮੇਂ ਦਾ ਚਿਹਰਾ
ਹੈ
ਮੀਨਾਕਾਰੀ ਚਿੱਤਰਕਾਰੀ
ਬੁੱਤ ਤਰਾਸ਼ੀ ਸੰਗਮਰਮਰੀ
ਕਲਾ
ਇਸ ਸ਼ਹਿਰ ਦਾ ਸਰਮਾਇਆ
ਹੈ
ਸਮੇਂ ਨੇ ਇਹ ਸ਼ਹਿਰ
ਨਜ਼ਰ ਦੇ ਦਿਸਹੱਦੇ ਤੇ
ਵਸਾਇਆ ਹੈ

ਸਮੇਂ ਦੀ ਉਮਰ
ਜਿੰਨਾ ਹੀ ਪੁਰਾਣਾ
ਇਸਦਾ ਇਤਿਹਾਸ
ਹੈ
ਇਹ ਸ਼ਹਿਰ
ਧਰਤੀ ਤੇ ਅੰਬਰ ਦੇ ਮੇਲ
ਪਾਸ ਹੈ

–0–

ਸ਼ਹਿਰ 'ਚ
ਸਮੇਂ ਦਾ ਆਦਿ ਸੱਚ
ਮੌਜੂਦ ਹੈ
ਇਸ ਸ਼ਹਿਰ ਦਾ
ਕੁਦਰਤ ਜਿਹਾ ਵਜੂਦ ਹੈ
ਇਸਦੇ ਸੂਰਜ ਚੰਨ ਸਿਤਾਰੇ
ਆਪਣੇ ਹਨ
ਆਪਣੀ ਲੋਅ ਹੈ

–0–

ਸ਼ਹਿਰ ਦੀ ਛੱਤ 'ਤੇ
ਸੋਨੇ ਦੇ ਗਗਨ ਦਾ ਥਾਲ ਹੈ
ਚਾਂਦੀ ਦੀ ਧਰਤੀ
ਸ਼ਹਿਰੀ ਪੈਰਾਂ ਦੇ ਪਾਸ ਹੈ
ਦੁਆਲੇ
ਸੂਰਜਾਂ ਦਾ ਜਾਲ ਹੈ
ਸ਼ਹਿਰ ਦੇ ਪਿੰਡੇ 'ਚ
ਜੰਨਤ ਦੀ ਖ਼ੁਸ਼ਬੂ ਆਬਾਦ ਹੈ

–0–

ਸ਼ਹਿਰ
ਹੂਰਾਂ ਦੇ ਨੂਰ ਦੀ ਸੁੰਦਰਤਾ
ਦਾ ਖ਼ਿਆਲ ਹੈ
ਇਸ ਸ਼ਹਿਰ 'ਚ
ਸੋਨੇ ਦੀਆਂ ਨਦੀਆਂ
ਸੋਨੇ ਦੇ ਪੰਛੀ ਸੋਨੇ ਦੇ ਜੰਗਲ
ਪਹਾੜ ਹਨ
ਸੋਨੇ ਮੌਸਮ ਬਹਾਰਾਂ
ਰੁੱਤਾਂ ਖ਼ੁਸ਼ਬੂਆਂ ਹਨ

-0-

ਇਸ ਸ਼ਹਿਰ 'ਚ
ਪੌਣਾਂ ਦਾ ਰਾਗ ਹੈ
ਲਹਿਰਾਂ ਦਾ ਤਾਲ ਹੈ
ਸੋਨੇ ਦੇ ਗੁਲਸ਼ਨ 'ਚ
ਸੋਨੇ ਦੀ ਖਿੱਲੀ ਗੁਲਜ਼ਾਰ ਹੈ
ਸ਼ਹਿਰ
ਅੱਲ੍ਹਾ ਤਾਲਾ ਦੀ ਛਾਪ ਹੈ
ਅੰਬਰ ਦੀ ਆਹਟ ਹੈ
ਧਰਤੀ ਦੇ ਨੈਣਾਂ ਦੀ ਚਾਪ ਹੈ

-0-

ਕਹਿੰਦੇ ਹਨ
ਸਮੇਂ ਨੇ ਸੁੰਦਰਤਾ ਦੇ ਆਗ਼ਮਨ 'ਚ
ਇਹ ਸ਼ਹਿਰ ਵਸਾਇਆ ਸੀ
ਇਹ ਸ਼ਹਿਰ ਉਸ ਥਾਂ ਤੇ ਵਸਿਆ ਹੈ

ਸ੍ਰਿਸ਼ਟੀ 'ਚ ਸੁੰਦਰਤਾ ਨੇ
ਜਿਸ ਥਾਂ ਤੇ ਪਹਿਲਾ ਕਦਮ
ਧਰਿਆ ਸੀ

-0-

ਸ਼ਹਿਰ 'ਚ
ਸੁੰਦਰਤਾ ਦੇ ਅੰਗਾਂ ਨਕਸ਼ਾਂ
ਦੀ ਖ਼ੁਸ਼ਬੂ ਘੁਲੀ ਹੈ
ਮੰਦਰਾਂ ਦੀਆਂ ਕਲਾਂ
ਕ੍ਰਿਤਾਂ ਚੋਂ
ਪੱਥਰਾਂ ਦੇ ਬੁੱਤਾਂ ਚੋਂ
ਸੁੰਦਰਤਾ ਝਾਕਦੀ ਹੈ
ਆਪਣੇ ਰੂਪ ਦੀ ਖ਼ੁਸ਼ਬੂ
ਪੌਣਾਂ 'ਚ ਖਿਲਾਰਦੀ ਹੈ

-0-

ਦੇਵੀ ਦੇਵਤਿਆਂ ਦੇ
ਨੰਗਨ ਚਿੱਤਰ
ਸਿਮਰਨ ਸਮਾਧੀ ਅਰਾਧਨਾ
ਮਾਂ ਦੀ ਮਮਤਾ ਦੇ ਰੂਪ
ਲੱਗਦੇ ਹਨ
ਕੰਧਾਂ ਤੇ ਗੁਪਤ
ਨਰ ਨਾਰੀ ਦੇ ਅੰਗ
ਸੂਰਜਾਂ ਵਾਂਗ ਜਗਦੇ ਹਨ
ਚੰਨ ਵਾਂਗ ਠੰਡੇ ਤੇ ਸ਼ਾਂਤ
ਲੱਗਦੇ ਹਨ

-0-

ਸ਼ਹਿਰ
ਵੇਖਣ ਵਾਲੀ ਅੱਖ 'ਚ
ਕਾਮਾ ਸੂਤਰਾ ਦੇ ਨੰਗਨ
ਆਸਨ
ਆਤਮਾ ਤੇ ਪ੍ਰਮਾਤਮਾਂ
ਦੇ ਮੇਲ ਦਾ ਰੂਪ ਧਾਰਦੇ ਹਨ
ਕੰਧਾਂ ਤੇ ਬਲਦੇ ਸੂਰਜਾਂ
ਵਾਂਗ ਕਾਮੀ ਵਾਸਨਾਂ 'ਚ
ਤਪ ਰਹੇ ਨੰਗੇ ਜਿਸਮ
ਦ੍ਰਿਸ਼ਟੀ ਨੂੰ ਹੀ ਨਹੀਂ
ਰੂਹ ਨੂੰ ਵੀ ਠਾਰਦੇ ਹਨ

−0−

ਸੰਜਮ ਸਹਿਨਸ਼ੀਲਤਾ
ਪਿਆਰ ਤੇ ਸੰਤੋਖ
ਦਿਲਾਂ 'ਚ
ਚਿਰਾਗ਼ ਬਾਲਦੇ ਹਨ
ਪਵਿੱਤਰਤਾ ਦਾ ਸੱਚ
ਇਨ੍ਹਾਂ ਮੂਰਤੀਆਂ ਚੋਂ
ਝਰਦਾ ਹੈ
ਸੱਚ ਸੁੰਦਰਤਾ ਤੇ
ਕਲਿਆਣ ਦਾ ਨੂਰ
ਇਨ੍ਹਾਂ ਚੋਂ ਬਰਸਦਾ ਹੈ

−0−

ਇਸ ਸ਼ਹਿਰ ਨੇ
ਤਾਰਕਾ ਮੰਡਲ ਦੀ
ਬੁੱਕਲ ਮਾਰੀ ਹੈ
ਤੇ ਸਾਰੇ ਬ੍ਰਹਿਮੰਡ ਦੀ
ਸੁੰਦਰਤਾ
ਆਪਣੇ 'ਚ ਉਤਾਰੀ ਹੈ

-0-

ਸ਼ਹਿਰ ਦੇ ਮੱਥੇ ਤੇ
ਚੰਨ ਦੀ ਕਾਤਰ ਹੈ
ਓੜੀ ਦੁਆਲੇ ਸ਼ਹਿਰ ਨੇ
ਨੂਰ ਦੀ ਚਾਦਰ ਹੈ
ਸ਼ਹਿਰ ਦਾ ਜੁੱਸਾ
ਬਹਾਰ ਹੈ
ਚਿਹਰਾ ਮੌਸਮਾਂ ਦੀ
ਨੁਹਾਰ ਹੈ
ਰੁੱਤਾਂ ਦੀ ਗਤੀ
ਸ਼ਹਿਰ ਦੀ ਚਾਲ ਹੈ

-0-

ਪੌਣਾਂ 'ਚ
ਸੁਰਾਂ ਦਾ ਵਸੇਰਾ ਹੈ
ਲੈਂਣਾ 'ਚ ਕਾਇਨਾਤ ਦਾ
ਡੇਰਾ ਹੈ,
ਮੁਖੜੇ ਤੇ ਏਨਾ ਜ਼ਲਾਲ ਹੈ

ਕਿ ਦ੍ਰਿਸ਼ਟੀ
ਨਕਸ਼ਾਂ ਦੀ ਸੁੰਦਰਤਾ
ਸਹਿ ਨਹੀਂ ਸਕਦੀ
ਚਿਹਰੇ ਤੇ ਠਹਿਰ ਨਹੀਂ ਸਕਦੀ
ਜ਼ੁਬਾਨ ਤੋਂ
ਕੁਝ ਕਹਿ ਨਹੀਂ ਸਕਦੀ

-0-

ਸ਼ਹਿਰ
ਅੱਖ ਝੱਪਕਦਾ ਹੈ
ਤਾਂ ਰਾਤ ਹੁੰਦੀ ਹੈ
ਅੱਖ ਖੋਲ੍ਹਦਾ ਹੈ
ਤਾਂ ਪ੍ਰਭਾਤ ਹੁੰਦੀ ਹੈ
ਪੈਰਾਂ 'ਚ
ਸੂਰਜ ਦੀ ਦੇਹ ਵਿੱਛੀ ਹੈ
ਮੱਥੇ 'ਚ ਰੱਬੀ ਜੋਤ ਜਗੀ ਹੈ
ਬ੍ਰਹਿਮੰਡ ਦਾ ਤੇਜ਼
ਪਿੰਡੇ 'ਚ ਸਮਾਇਆ ਹੈ
ਸ਼ਹਿਰ ਹੈ
ਕਿ ਹੁਸਨਾਂ ਦਾ ਮੁਜੱਸਮਾਂ ਹੈ
ਜੋ ਅੰਬਰ ਦੇ ਅੰਬਰ ਤੋਂ
ਦਿਸਹੱਦੇ ਤੇ
ਉਤਰ ਆਇਆ ਹੈ

-0-

ਸੋਨੇ ਦੀਆਂ ਗਲੀਆਂ
ਸੋਨੇ ਦੇ ਘਰਾਂ
ਵਿਹੜਿਆਂ 'ਚ
ਚਾਨਣ ਤੁਰਦਾ ਹੈ
ਬੰਨੇਰਿਆਂ ਤੇ
ਸੂਰਜਾਂ ਦੇ ਦੀਵੇ ਬਲਦੇ
ਹਨ
ਸੋਨੇ ਦੇ ਪੰਛੀ
ਸੋਨੇ ਦੇ ਅੰਬਰੀਂ
ਉੱਡਾਰੀਆਂ ਭਰਦੇ ਹਨ

-0-

ਲੋਕ ਸੋਨੇ ਦੀਆਂ
ਨਦੀਆਂ ਤਰਦੇ ਹਨ
ਸੋਨੇ ਦੇ ਰੁੱਖਾਂ ਦੀ ਛਾਵੇਂ
ਬਹਿੰਦੇ ਹਨ
ਇਹ ਆਪ ਆਪਣੀ
ਸਿਰਜਣਾ
ਤੇ ਆਪ ਆਪਣੇ ਆਪ ਨੂੰ
ਆਪਣਾ ਕਰਤਾ ਕਹਾਉਂਦੇ
ਹਨ

-0-

ਇਨ੍ਹਾਂ ਦੀ ਸੁੰਦਰਤਾ
ਹਾਸਿਆਂ ਦੀ ਖ਼ੁਸ਼ਬੂ
ਜਦ ਚਾਨਣੀਆਂ ਰਾਤਾਂ 'ਚ
ਘੁਲਦੀ ਹੈ

ਤਾਂ ਸ਼ਹਿਰ ਦੀ ਇਕਾਂਤ
ਤੇ ਚੁੱਪ ਬੋਲਦੀ ਹੈ
ਇਹ ਨੂਰੀ
ਲੋਕਾਂ ਦੀ ਦੁਨੀਆਂ ਹੈ
ਨੂਰੀ ਲੋਕਾਂ ਦਾ ਸ਼ਹਿਰ ਹੈ
ਨੂਰੀ ਲੋਕਾਂ ਦੇ ਰਹਿਣ ਲਈ
ਨੂਰੀ ਲੋਕਾਂ ਦੇ ਬਹਿਣ ਲਈ

−0−

ਇਸ ਸ਼ਹਿਰ ਦਾ ਵਜ਼ੂਦ
ਜੋ ਪੁਰਾਣਾ ਵਕਤ ਹੈ
ਇਸ ਸ਼ਹਿਰ ਦਾ
ਪਹਿਰੇਦਾਰ ਹੈ
ਜੋ ਸ਼ਹਿਰ ਦੇ ਬੁਰਜ 'ਚ
ਰਹਿੰਦਾ ਹੈ
ਆਦਮੀ ਦੀ ਬੂਅ ਸਦਾ
ਹੀ ਲੈਂਦਾ ਰਹਿੰਦਾ ਹੈ
ਤੇ ਕਹਿੰਦਾ ਹੈ
ਇਹ ਸ਼ਹਿਰ
ਆਦਮ ਬੂਅ ਤੋਂ ਦੂਰ ਹੈ
ਆਦਮੀ ਦੀ ਚੇਤਨਾ
ਤੇ ਸੰਕਲਪ ਤੋਂ ਬਾਹਰ
ਇਸਦਾ ਵਜ਼ੂਦ ਹੈ

−0−

ਇਸ ਲਈ ਸ਼ਹਿਰ
ਦਿਸਹੱਦੇ ਤੇ ਮੌਜ਼ੂਦ ਹੈ
ਇਸ ਸ਼ਹਿਰ ਲਈ
ਮਨੁੱਖ ਦਾ ਆਗ਼ਮਨ
ਕਹਿਰ ਹੈ
ਸ਼ਹਿਰ ਚ ਮਨੁੱਖੀ ਹੋਂਦ
ਜ਼ਹਿਰ ਹੈ

−0−

ਕਿਉਂਕਿ
ਮਨੁੱਖ ਦੀਆਂ ਮਾਰੂ
ਪ੍ਰਵਿਰਤੀਆਂ ਦਾ
ਸ਼ਹਿਰ ਸ਼ਿਕਾਰ ਨਾ ਹੋਵੇ
ਹੱਸਦਾ ਵੱਸਦਾ ਸ਼ਹਿਰ
ਖੰਡਰ ਤੇ ਉਜਾੜ ਨਾ ਹੋਵੇ

−0−

ਮਨੁੱਖੀ ਕਾਮ
ਸ਼ਹਿਰ ਦੇ ਸੁੱਖ ਦਾ ਘਾਤਕ
ਹੈ
ਮਨੁੱਖੀ ਕ੍ਰੋਧ
ਸ਼ਹਿਰ ਦੀ ਸ਼ਾਂਤੀ ਦਾ ਕਾਤਿਲ ਹੈ
ਮਨੁੱਖੀ ਲੋਭ
ਸ਼ਹਿਰ ਦਾ ਸੱਚ ਖੰਡਰ
ਕਰਦਾ ਹੈ

ਮਨੁੱਖੀ ਮੋਹ
ਸ਼ਹਿਰ ਦੀ ਸੁੰਦਰਤਾ 'ਚ
ਕਰੂਪਤਾ ਧਰਦਾ ਹੈ
ਮਨੁੱਖੀ ਹੰਕਾਰ
ਸ਼ਹਿਰ ਦਾ ਕਲਿਆਣ
ਚੂਰ ਚੂਰ ਕਰਦਾ ਹੈ

–0–

ਸ਼ਹਿਰ
ਇਨ੍ਹਾਂ ਮਾਰੂ ਪ੍ਰਵਿਰਤੀਆਂ
ਤੋਂ ਦੂਰ ਹੈ
ਸ਼ਹਿਰ
ਸੱਚ ਸੁੰਦਰਤਾ ਕਲਿਆਣ
ਰੱਬੀ ਰੂਪ ਦਾ ਵਜ਼ੂਦ ਹੈ
ਆਦਮੀ ਦੇ ਪ੍ਰਛਾਵੇਂ ਤੋਂ ਵੀ
ਇਹ ਸ਼ਹਿਰ ਦੂਰ ਹੈ
ਸਮੇਂ ਦੀ ਤਲੀ ਤੇ ਵੱਸਦਾ
ਹੂਰਾਂ ਦੇ ਹੁਸਨ ਦਾ ਨੂਰ ਹੈ

–0–

ਮਨੁੱਖ ਦੇ ਕਦਮਾਂ ਨਾਲ
ਸ਼ਹਿਰ ਦੀ ਸੁੱਖ ਸ਼ਾਂਤੀ
ਸੱਚ ਸੁੰਦਰਤਾ ਕਲਿਆਣ
ਮੈਲੇ ਹੋ ਜਾਂਦੇ ਹਨ

–0–

ਮਨੁੱਖੀ ਸ਼ੋਰ ਦੇ ਵਿਚ
ਰਲ ਜਾਂਦੇ ਹਨ
ਘੁੱਗ ਵੱਸਦੇ ਸ਼ਹਿਰ ਨੂੰ
ਆਦਮੀ ਦੀ ਛੋਹ ਤੇ ਗੰਧ
ਡੰਗ ਜਾਂਦੇ ਹਨ
ਇਸ ਲਈ
ਆਦਮੀ ਦੇ ਸਾਏ ਤੋਂ ਵੀ
ਸ਼ਹਿਰ ਮਹਿਫ਼ੂਜ਼ ਰੱਖਣਾ ਹੈ
ਇਹ ਨੂਰੀ
ਲੋਕਾਂ ਦਾ ਸ਼ਹਿਰ ਹੈ
ਨੂਰੀ ਲੋਕਾਂ ਹੀ
ਇਸ ਸ਼ਹਿਰ 'ਚ ਵੱਸਣਾ ਹੈ

----

## ਬਸਤੀ ਤੇ ਸ਼ਹਿਰ

ਸ਼ਬਦਾਂ ਦੇ ਚਿਹਰਿਆਂ ਤੇ
ਨਕਾਬ ਸਨ
ਸ਼ਬਦ
ਚਿਹਰਿਆਂ ਤੋਂ ਨਕਾਬ
ਉਠਾਉਣਗੇ
ਤਾਂ ਸ਼ਹਿਰ ਨੂੰ ਨਜ਼ਰ
ਆਉਣਗੇ
ਸ਼ਹਿਰ
ਸ਼ਬਦਾਂ ਦੇ ਚਿਹਰੇ
ਸਿਆਣੇਗਾ ਤਾਂ ਹੀ
ਤਾਂ
ਸ਼ਬਦਾਂ ਦਾ ਸੱਚ
ਪਹਿਚਾਣੇਗਾ

-0-

ਸ਼ਬਦਾਂ ਨੇ
ਆਪਣੀ ਦੇਹ ਦੇ ਦਰ
ਭੇੜ ਰੱਖੇ ਹਨ
ਸ਼ਹਿਰ
ਕਿੰਜ ਉਤਰੇਗਾ
ਇਨ੍ਹਾਂ ਸ਼ਬਦਾਂ ਦਾ
ਅੰਦਰਲਾ ਵੇਖਣ ਲਈ
ਇਨ੍ਹਾਂ ਦੀ ਰਜ਼ਾ
ਜਾਣਨ ਲਈ

-0-

ਸ਼ਬਦਾਂ ਨੂੰ ਕਹੋ
ਚਿਹਰੇ ਨੰਗੇ ਕਰਨ
ਅਪਣਾ ਸੱਚ ਤਲੀਆਂ
ਤੇ ਧਰਨ
ਤੇ ਸ਼ਹਿਰ 'ਚ ਵੱਸਣ
ਤਾਂ ਕਿ ਸ਼ਹਿਰ ਇਨ੍ਹਾਂ ਚੋਂ

ਆਪਣਾ ਮਿੱਤਰ
ਆਪਣਾ ਦੁਸ਼ਮਣ ਸਿਆਣ
ਸਕੇ
ਇਨ੍ਹਾਂ ਦੀ ਤਾਸੀਰ ਜ਼ਮੀਰ
ਤੇ ਕਰਮ ਜਾਣ ਸਕੇ

-0-

ਇਹ ਨਕਾਬੀ ਸ਼ਬਦ
ਸ਼ਬਦਾਂ ਚੋਂ
ਸ਼ਬਦਾਂ ਦੇ ਅਰਥ ਚੁਰਾ
ਰਹੇ ਹਨ
ਸ਼ਹਿਰ 'ਚ
ਕਾਮ ਤੇ ਵਾਸਨਾ ਦੇ ਬੀਜ
ਬੀਜ਼ ਰਹੇ ਹਨ
ਸ਼ਹਿਰ ਦੀ ਸੁੰਦਰਤਾ
ਕੋਹਜ ਨਾਲ ਭਰ ਰਹੇ ਹਨ

-0-

ਬੇਨਕਾਬ ਸ਼ਬਦ
ਆਪਣੇ ਹੱਥਾਂ 'ਚ ਝੰਡੇ
ਫੜੀ
ਸ਼ਹਿਰ ਦੀਆਂ ਸੜਕਾਂ
ਚੌਕਾਂ ਚੌਰਾਹਿਆਂ 'ਚ
ਤੇ ਗਲੀਆਂ 'ਚ ਖੜ੍ਹੇ ਹਨ
ਇਨ੍ਹਾਂ ਦੇ ਅਰਥ ਬਲੇ ਹਨ
ਸੰਕਲਪ ਜਲੇ ਹਨ
ਇਹ
ਸ਼ਹਿਰ ਨੂੰ ਆਪਣੇ ਚੋਂ
ਜਾਂ ਆਪਣੇ ਆਪ ਨੂੰ

ਸ਼ਹਿਰ ਚੋਂ
ਮਨਫ਼ੀ ਕਰਨਾ ਚਾਹੁੰਦੇ ਹਨ

-0-

ਸ਼ਹਿਰ ਨੂੰ ਸਮਝਾਉਂਦੇ ਹਨ
ਕਿ ਉਸ ਦੇ ਵਜੂਦ 'ਚ
ਨਕਾਬੀ ਸ਼ਬਦਾਂ ਦੀ
ਇਕ ਬਸਤੀ ਉੱਗ
ਆਈ ਹੈ
ਜਿਸਨੇ
ਸ਼ਹਿਰ ਦੀ ਸੁੱਖ ਸ਼ਾਂਤੀ
ਸੁੰਦਰਤਾ ਤੇ ਰੌਣਕ ਮੁਕਾਈ ਹੈ

-0-

ਇਸ ਬਸਤੀ 'ਚ
ਜਿਸਮ ਵਿਕਦੇ ਹਨ
ਲਹੂ ਮਾਸ ਤੇ ਹੁਸਨ ਦਾ
ਵਿਓਪਾਰ ਹੁੰਦਾ ਹੈ
ਕਾਮ ਤੇ ਵਾਸਨਾ ਦਾ
ਕਾਰੋਬਾਰ ਹੁੰਦਾ ਹੈ
ਸ਼ਹਿਰ ਦੀ ਸਭਿਅਤਾ
ਤੇ ਸੰਸਕ੍ਰਿਤੀ
ਕੋਠਿਆਂ ਤੇ ਨੱਚਾਈ
ਜਾਂਦੀ ਹੈ
ਸ਼ਹਿਰ ਦੀ ਅਜ਼ਮਤ
ਸ਼ਰ੍ਹੇਆਮ ਵੇਚੀ ਤੇ
ਲੁਟਾਈ ਜਾਂਦੀ ਹੈ

-0-

ਸ਼ਹਿਰ ਦੀ ਕੰਜਕ ਤੇ
ਮਾਸੂਮ ਜਵਾਨੀ
ਕਾਮੀ ਕੀੜਿਆਂ ਦੀ ਭੇਂਟ

ਚੜ੍ਹਾਈ ਜਾਂਦੀ ਹੈ
ਘਰ ਦੀ
ਇੱਜ਼ਤ ਮਰਿਆਦਾ ਦੀ
ਬੋਲੀ ਲਗਾਈ ਜਾਂਦੀ ਹੈ

-0-

ਸ਼ਹਿਰ
ਅੱਖਾਂ ਮੀਚ ਬੈਠਾ ਹੈ
ਨਾ ਕੁੱਝ ਸੁਣ ਰਿਹਾ ਹੈ
ਨਾ ਕੁੱਝ ਬੋਲ ਰਿਹਾ ਹੈ
ਨਾ ਕੁੱਝ ਵੇਖ ਰਿਹਾ ਹੈ
ਨਾ ਕੁੱਝ ਕਹਿ ਰਿਹਾ ਹੈ
ਸ਼ਹਿਰ ਅੰਨ੍ਹਾ ਤੇ ਬੋਲਾ
ਹੋ ਗਿਆ ਹੈ
ਆਪਣੇ ਆਪ 'ਚ ਹੀ
ਖੋਹ ਗਿਆ ਹੈ

-0-

ਇਹ ਝੰਡੇ ਫੜੀ
ਬੇਨਕਾਬੀ ਲੋਕ
ਸ਼ਹਿਰ ਨੂੰ ਵੰਗਾਰ ਰਹੇ
ਹਨ
ਕਿ ਸ਼ਹਿਰ
ਇਸ ਬਸਤੀ ਨੂੰ
ਆਪਣੇ ਆਪ ਚੋਂ ਮਨਫ਼ੀ ਕਰੇ
ਇਸ ਗੰਦ ਨੂੰ ਜੜ੍ਹ ਤੋਂ ਪੁੱਟੇ
ਤੇ ਸ਼ਹਿਰੋਂ ਬਾਹਰ ਸੁੱਟੇ

-0-

ਸ਼ਹਿਰ
ਜਿਸਮਾਂ ਦੇ ਵਿਓਪਾਰੀ
ਬਸਤੀ ਦੇ ਲੋਕਾਂ ਨੂੰ

ਸ਼ਹਿਰ ਛੱਡਣ ਲਈ
ਕਹਿੰਦਾ ਹੈ
ਤੇ ਸ਼ਹਿਰੋਂ·ਬਾਹਰੋ
ਵੱਸਣ ਦੀ ਸਲਾਹ ਦਿੰਦਾ
ਹੈ
ਜਿਸਮਾਂ ਦੇ ਵਿਓਪਾਰੀ
ਲੋਕ
ਸ਼ਹਿਰ ਨੂੰ ਛੱਡ ਜਾਂਦੇ ਹਨ
ਤੇ ਸ਼ਹਿਰੋਂ
ਬਾਹਰ ਵਸ ਜਾਂਦੇ ਹਨ

–0–

ਕੁੱਝ ਸਮੇਂ ਲਈ
ਸ਼ਹਿਰ ਸੁਖੀ ਸ਼ਾਂਤ ਤੇ
ਆਬਾਦ ਹੈ
ਆਪਣੀਆਂ ਰੌਣਕਾਂ
ਖ਼ੁਸ਼ੀਆਂ 'ਚ ਸ਼ਾਦ ਹੈ
ਸ਼ਹਿਰ ਦੇ ਕੁੱਝ ਸ਼ਬਦ
ਆਪਣੀ
ਕਾਮ ਵਾਸਨਾ ਲਈ
ਰੋਜ਼ ਬਸਤੀ 'ਚ ਜਾਂਦੇ ਹਨ
ਬਸਤੀ ਦੇ ਸ਼ਬਦਾਂ ਦਾ
ਜਿਸਮ ਹੰਢਾਉਂਦੇ ਹਨ
ਆਪਣੀ ਵਾਸਨਾ ਦੀ
ਅੱਗ ਬੁਝਾਉਂਦੇ ਹਨ
ਤੇ
ਸ਼ਹਿਰ ਪਰਤ ਆਉਂਦੇ ਹਨ

–0–

ਕੁੱਝ ਸ਼ਬਦ

ਸ਼ਹਿਰੋਂ ਬਾਹਰ ਬਸਤੀ ਦੇ
ਦੁਆਲੇ ਵਸ ਜਾਂਦੇ ਹਨ
ਆਪਣਾ ਗ਼ਮ ਗਲਤ ਕਰਦੇ
ਤੇ ਘਰ ਪਰਤ ਜਾਂਦੇ ਹਨ

-0-

ਦਿਨ-ਬ-ਦਿਨ
ਬਸਤੀ ਫੈਲਦੀ ਹੈ
ਸ਼ਹਿਰ ਫੈਲਦਾ ਹੈ
ਫਿਰ ਬਸਤੀ
ਸ਼ਹਿਰ ਦੀ ਲਪੇਟ 'ਚ
ਆ ਜਾਂਦੀ ਹੈ
ਸਾਰੀ ਦੀ ਸਾਰੀ ਬਸਤੀ
ਸ਼ਹਿਰ 'ਚ ਸਮਾ ਜਾਂਦੀ ਹੈ

-0-

ਫਿਰ ਸ਼ਹਿਰ ਦੇ
ਬੇਨਕਾਬੀ ਸ਼ਬਦ
ਚੌਰਾਹਿਆਂ 'ਚ ਆ
ਜੁੜਦੇ ਹਨ
ਸ਼ਹਿਰ ਦੀ ਹਾਲਤ ਬਾਰੇ
ਸੋਚਦੇ ਤੇ ਝੂਰਦੇ ਹਨ
ਸ਼ਬਦਾਂ ਦੀ
ਆਉਣ ਵਾਲੀ ਨਸਲ
ਬਸਤੀ ਦੇ ਅਸਰ ਹੇਠ
ਰੰਗ ਦੀ
ਜ਼ਰਦ ਹੁੰਦੀ ਜਾ ਰਹੀ ਹੈ
ਜੱਕ ਲੱਖ ਠੰਡੀ ਬਰਫ਼
ਹੁੰਦੀ ਜਾ ਰਹੀ ਹੈ
ਸ਼ਹਿਰ ਦਾ ਵਾਤਾਵਰਣ
ਨਿਗਰਦਾ ਜਾ ਰਿਹਾ ਹੈ

ਸ਼ਹਿਰ ਦਾ ਭਵਿੱਖ
ਡੁੱਬਦਾ ਜਾ ਰਿਹਾ ਹੈ
ਸ਼ਬਦਾਂ ਦੀ ਨਵੀਂ ਨਸਲ
ਕਾਮ ਤੇ ਵਾਸ਼ਨਾਂ 'ਚ
ਗੋਤੇ ਖਾ ਰਹੀ ਹੈ

-0-

ਸ਼ਹਿਰ ਦਾ ਮਾਹੌਲ
ਕਾਮੀ ਹੋ ਗਿਆ ਹੈ
ਜਿਸਮ ਦੀ ਅੱਗ ਤੇ
ਹਵਸ ਦਾ ਗੁਲਾਮ
ਹੋ ਗਿਆ ਹੈ
ਨਵੀਂ ਨਸਲ
ਜਿਸਮਾਂ ਦੇ ਵਿਓਪਾਰ 'ਚ
ਸੜਦੀ ਤੇ ਭੁਜਦੀ
ਜਾ ਰਹੀ ਹੈ
ਆਪਣਾ ਲਹੂ ਪੀ ਰਹੀ ਹੈ

-0-

ਸ਼ਹਿਰ ਦੀ ਆਰੋਗਤਾ
ਰੋਗੀ ਹੁੰਦੀ ਜਾ
ਰਹੀ ਹੈ
ਬੇਨਕਾਬੀ ਸ਼ਬਦ ਝੰਡੇ
ਫੜੀ
ਸ਼ਹਿਰ ਨੂੰ
ਆਪਣੀ ਦਾਸਤਾਂ ਸੁਣਾ
ਰਹੇ ਹਨ
ਇਹ ਫੈਲਦੀ ਜਾ ਰਹੀ ਹੈ
ਗੰਦਗੀ ਦਾ ਅਸਰ
ਸ਼ਹਿਰ ਨੂੰ ਵਿਖਾ ਰਹੇ ਹਨ

-0-

ਇਸ ਵਾਰ
ਸ਼ਹਿਰ ਕਹਿੰਦਾ ਹੈ
ਪਹਿਲਾਂ
ਅਸੀਂ ਇਸ ਬਸਤੀ ਨੂੰ
ਸ਼ਹਿਰ ਚੋਂ ਕਢਿਆ ਸੀ
ਹੁਣ ਇਸ ਬਸਤੀ ਚੋਂ
ਅਸੀਂ
ਇਹ ਸ਼ਹਿਰ ਕੱਢਦੇ ਹਾਂ
ਤੇ ਬਸਤੀ ਤੋਂ
ਬਹੁਤ ਦੂਰ ਬਹੁਤ ਦੂਰ
ਕਿਤੇ ਜਾ ਵਸਦੇ ਹਾਂ

–0–

ਸ਼ਹਿਰ ਦੇ ਲੋਕ
ਬਸਤੀ ਦੁਆਲੇ
ਸ਼ਹਿਰ ਦੇ ਖੰਡਰ ਉਦਾਸੀ
ਤੇ ਉਜਾੜ ਛੱਡਕੇ
ਬਸਤੀ ਤਿਆਗ਼ ਗਏ
ਬਸਤੀ ਤੋਂ
ਬਹੁਤ ਦੂਰ ਹੋ ਆਬਾਦ ਗਏ

–0–

ਹੁਣ
ਬਸਤੀ ਦੁਆਲੇ ਉਦਾਸੀ
ਉਜਾੜ ਤੇ ਖੰਡਰ ਸੀ
ਜੋ ਬਸਤੀ 'ਚ ਫੈਲਿਆ
ਥੋੜ੍ਹੇ ਹੀ ਸਮੇਂ 'ਚ
ਬਸਤੀ ਮੁਕਾ ਗਿਆ
ਸ਼ਹਿਰ ਦੀ ਉਦਾਸੀ
ਉਜਾੜ ਤੇ ਖੰਡਰ
ਬਸਤੀ ਦੀ ਹੋਂਦ ਖਾ ਗਿਆ

–0–

ਹੁਣ ਦੂਰ
ਹਰਿਆ ਰੁੱਖਾਂ ਦੇ ਘੇਰੇ 'ਚ
ਸ਼ਹਿਰ ਆਬਾਦ ਹੈ
ਸ਼ਹਿਰ ਦੀ ਆਬੋ ਹਵਾ
ਸੁੱਖ ਸ਼ਾਂਤ ਤੇ ਆਜ਼ਾਦ ਹੈ
ਨਿਸ਼ਗ ਸ਼ਬਦ
ਨਿਸ਼ਗ ਅਰਥ
ਸ਼ਹਿਰ ਦਾ ਸੰਕਲਪ ਹੈ
"ਸ਼ਹਿਰ ਲੋਕਾਂ ਦਾ
ਲੋਕ ਸ਼ਹਿਰ ਦੇ ਹਨ"
ਬਸ ਇਹੋ ਸ਼ਬਦ
ਸ਼ਹਿਰ ਦੀ ਜ਼ੁਬਾਨ ਦਾ
ਹਰਫ਼ ਹੈ

-0-

ਸ਼ਬਦਾਂ ਦੇ ਚਿਹਰਿਆਂ ਤੇ
ਨਕਾਬ ਸਨ
ਸ਼ਬਦ
ਚਿਹਰਿਆਂ ਤੋਂ ਨਕਾਬ
ਉਠਾਉਣਗੇ
ਤਾਂ ਸ਼ਹਿਰ ਨੂੰ ਨਜ਼ਰ
ਆਉਣਗੇ
ਸ਼ਹਿਰ
ਸ਼ਬਦਾਂ ਦੇ ਚਿਹਰੇ
ਸਿਆਣੇਗਾ ਤਾਂ ਹੀ
ਤਾਂ
ਸ਼ਬਦਾਂ ਦਾ ਸੱਚ ਪਹਿਚਾਣੇਗਾ

----

## ਨਿੱਕੀ ਇੱਟ

ਉਸ ਕਮਰੇ ਨੇ
ਕਈ ਵਾਰ ਆਪਣੀਆਂ
ਕੰਧਾਂ ਦਾ ਬਲਾਤਕਾਰ ਕੀਤਾ
ਆਪਣੇ
ਵਿਹੜੇ ਦੀ ਗੁੱਦਾ ਉਧੇੜੀ
ਆਪਣੀ ਛੱਤ ਸੰਗ ਸੁੱਤਾ
ਤੇ ਕਈ ਵਾਰ ਦਰਵਾਜ਼ੇ ਦੀ
ਚੋਗਾਠ ਨੂੰ ਭੋਗਿਆ!

-0-

ਇਕ ਦਿਨ ਕਮਰਾ
ਆਪਣੀ ਚਹਿਲਕਦਮੀ
ਲਈ
ਬਾਹਰ ਨਿਕਲਿਆ
ਗਲੀ ਦੇ ਮਟਕਦੇ ਨੈਣਾਂ
ਨਕਸ਼ਾਂ ਦੀ ਸੁੰਦਰਤਾ
ਉਸਦੇ ਮੱਥੇ 'ਚ ਠੱਣਕੀ
ਤੇ ਉਸ ਦੇ ਮੂੰਹ ਚੋਂ
ਹਵਸ ਦੀਆਂ ਲਾਲਾਂ ਡਿੱਗੀਆਂ

-0-

ਏਨੇ ਨੂੰ ਕਮਰੇ ਦੀ ਨਜ਼ਰ
ਗਲੀ ਦੀ ਨਿੱਕੀ ਇੱਟ ਤੇ ਪਈ
ਕਮਰੇ ਦਾ ਕਾਮ
ਕਮਰ਼ੇ ਦੇ ਸਿਰ ਚੜ੍ਹ ਗਿਆ
ਤੇ ਉਹ
ਨਿੱਕੀ ਇੱਟ ਲੈ ਕੇ
ਗਲੀ ਦੇ ਪਿਛਵਾੜੇ ਜਾ
ਵੜਿਆ
ਨਿੱਕੀ ਇੱਟ

ਗਲੀ ਦੀ ਕਰੂੰਬਲ ਸੀ
ਮਾਸੂਮ ਕਲੀ ਸੀ
ਸਿੱਪੀ 'ਚ ਬੂੰਦ ਸੀ
ਮੋਤੀ ਦਾ ਵਜ਼ੂਦ ਨਹੀਂ ਸੀ ਅਜੇ
ਅੱਥਰੂਆਂ ਦੀ ਭਾਸ਼ਾ ਸੀ
ਚੁੱਪ ਸੀ ਬੇਵਸੀ ਸੀ

-0-

ਨਿੱਕੀ ਇੱਟ ਸਹਿਮੇ
ਬਲੂੰਗੇ ਵਾਂਗ
ਕਮਰੇ ਦੇ ਦਹਾੜਦੇ
ਕਾਮ ਸਾਵੇਂ ਕੰਬ ਰਹੀ ਸੀ
ਆਪਣੇ ਆਪ 'ਚ
ਸੁੰਗੜਦੀ ਜਾ ਰਹੀ ਸੀ

-0-

ਕਮਰੇ ਦੇ ਕਾਮ ਨੇ
ਉਸਦੀ ਮਰਜ਼ੀ ਬਿਨਾਂ
ਉਸਨੂੰ
ਆਪਣੀ ਹੱਵਸ ਦੀ ਅੱਗ 'ਚ
ਉਤਾਰਿਆ
ਤੇ ਮਾਸੂਮ ਕਲੀ ਚੋਂ
ਅੱਖਾਂ ਖੋਲ੍ਹਦੇ ਬਚਪਨ
ਨੂੰ ਖਾ ਲਿਆ

-0-

ਕਮਰਾ ਹੋਰ
ਚਹਿਲਕਦਮੀ ਕਰਨਾ
ਚਾਹੁੰਦਾ ਸੀ
ਕਮਰੇ ਦੇ ਚਿਹਰੇ ਤੇ
ਕੰਧਾਂ ਦੀ ਬਲਾਤਕਾਰੀ
ਵਿਹੜੇ ਦੀ ਗੁੱਦਾ ਛੱਤ ਦੇ

ਨੰਗਨ
ਤੇ ਚੋਗਾਠ ਦੇ ਭੋਗ ਦੇ ਦਾਗ਼
ਸਨ
ਨਿੱਕੀ ਇੱਟ ਦਾ ਮਾਸੂਮ
ਚਿਹਰਾ
ਉਸਦੀਆਂ ਅੱਖਾਂ ਚੋਂ ਝਾਕਦਾ
ਨਜ਼ਰ ਆਉਂਦਾ ਸੀ

-0-

ਸ਼ਾਮ ਢਲੀ
ਕਮਰੇ ਨੇ ਆਪਣੀ ਤਲਬ
ਮੈਖ਼ਾਨੇ 'ਚ ਬੁਝਾਈ
ਤੇ ਅੱਖਾਂ ਦੇ ਨਿੱਘ ਲਈ
ਵੈਸ਼ੀਆ ਦੇ ਕੋਠੇ ਤੇ ਆ ਗਿਆ
ਵੈਸ਼ੀਆ ਨੇ
ਰੇਸ਼ਮੀ ਕਪੜੇ ਤੇ ਲਿਖਿਆ
ਪੈਗ਼ਾਮ
ਕਮਰੇ ਦੇ ਅੱਗੇ ਧਰ ਦਿੱਤਾ

-0-

ਜਿਸ 'ਚ ਲਿਖਿਆ ਸੀ :
"ਤੁਸੀਂ ਉਸ ਸੁੰਦਰੀ ਦਾ
ਜਿਸਮ ਭੋਗ ਸਕਦੇ ਹੋ
ਜੋ ਤੁਹਾਨੂੰ ਪਸੰਦ ਕਰਦੀ ਹੈ
ਬਲਾਤਕਾਰੀ
ਤੁਹਾਡੀ ਤਲੀ ਤੇ ਮੌਤ ਦੀ
ਸਜ਼ਾ ਧਰਦੀ ਹੈ"
ਕਮਰਾ ਬੜਾ
ਚੀਕਿਆ ਦਹਾੜਿਆ ਤੇ
ਬੋਲਿਆ
ਤੁਸੀਂ ਵੈਸ਼ੀਆ ਹੋ

ਜਿਸਮ ਵੇਚਦੀਆਂ ਹੋ
ਤੁਹਾਡੀ ਪਸੰਦ ਨਾ ਪਸੰਦ
ਦਾ
ਕੋਈ ਮਤਲਬ ਨਹੀਂ
ਤੁਹਾਨੂੰ
ਆਪਣੇ ਮੁੱਲ ਨਾਲ ਭਾਅ ਹੈ
ਤੁਹਾਡੇ ਕੋਲ ਹੋਰ ਨਾ ਕੋਈ ਰਾਹ ਹੈ

-0-

ਵੈਸੀਆ ਬੋਲੀ
ਇਹ ਕੋਠਾ ਹੈ
ਡੰਗਰਾਂ ਦੀ ਮੰਡੀ ਨਹੀਂ
ਇੱਥੇ ਦਾ ਕੋਈ ਦਸਤੂਰ ਹੈ
ਅਦਬ ਹੈ ਅਸੂਲ ਹੈ
ਆਪਣੀ ਮਰਜ਼ੀ ਤੋਂ ਬਿਨਾ
ਕੋਈ ਵੀ ਚੀਜ਼
ਇਥੇ ਵਿਕਦੀ ਨਹੀਂ

-0-

ਇਹ ਕੋਈ ਯਤੀਮ
ਗਲੀ ਦੀ
ਨਿੱਕੀ ਇੱਟ ਨਹੀਂ
ਜੋ ਤੇਰੀ ਹੱਵਸ ਦੀ
ਆਪਣੀ ਮਰਜ਼ੀ ਤੋਂ ਬਿਨਾ
ਸ਼ਿਕਾਰ ਹੋਵੇਗੀ
ਜਾ ਆਪਣਾ ਚਿਹਰਾ
ਦਰਪਣ 'ਚ ਵੇਖ

-0-

ਤੇਰੀਆਂ ਅੱਖਾਂ ਚੋਂ
ਇਕ ਚੀਕ ਝਾਕਦੀ ਹੈ
ਇਕ ਕਤਲ ਹੋਈ ਚੁੱਪ

ਦਿੱਸਦੀ ਹੈ
ਇਕ ਮਾਸੂਮੀਅਤ ਵਿਲਕਦੀ
ਹੈ
ਔਰਤ ਦੇ ਜਿਸਮ 'ਚ
ਢਲਣ ਤੋਂ ਪਹਿਲਾਂ
ਕੱਚਾ ਖਾਮੀਰ ਬੋਲਦਾ ਹੈ

-0-

ਕਮਰਾ
ਆਪਣੇ ਆਪ 'ਚ ਵਾਪਸ
ਪਰਤਿਆ
ਸ਼ੀਸ਼ੇ 'ਚ ਤੱਕਿਆ
ਅਖਾਂ 'ਚ ਨਿੱਕੀ ਇੱਟ ਦੀ
ਲਾਸ਼ ਤਰਦੀ ਸੀ
ਲਹੂ ਮਾਸ 'ਚ ਢਲਣ ਤੋਂ
ਪਹਿਲਾਂ
ਚਿੱਟੇ ਲਹੂ ਦੀ
ਇਕ ਮੜ੍ਹੀ ਬਲਦੀ ਸੀ

-0-

ਸਾਰੀ ਰਾਤ
ਨਿੱਕੀ ਇੱਟ ਦਾ ਚਿਹਰਾ
ਕਮਰੇ ਦੀਆਂ ਅੱਖਾਂ
ਅੱਗੇ ਭਾਉਂਦਾ ਰਿਹਾ
ਚੀਕਦਾ ਰੋਂਦਾ ਤੇ ਕੁਰਲਾਉਂਦਾ
ਰਿਹਾ
ਨਿੱਕੀ ਇੱਟ ਦਾ ਚਿਹਰਾ
ਆਪਣੇ ਕਤਲ ਦਾ ਇਲਜ਼ਾਮ
ਕਮਰੇ ਦੇ ਸਿਰ ਧਰ ਗਿਆ
ਸੁਬ੍ਹਾ ਹੋਣ ਤੋਂ ਪਹਿਲਾਂ
ਕਮਰੇ ਨੇ

ਆਪਣਾ ਕਤਲ ਕਰ ਲਿਆ

-0-

ਕੰਧਾਂ ਛੱਤ ਵਿਹੜੇ ਤੇ
ਚੌਗਾਠ ਨੇ ਸ਼ੋਰ ਮਚਾ ਦਿਤਾ
ਕਮਰੇ ਦੀ ਮੌਤ ਦਾ ਸਿਲਸਿਲਾ
ਗਲੀਆਂ ਦੇ ਕੰਨਾਂ ਤੋਂ
ਵੈਸ਼ੀਆ ਦੇ ਕੋਠੇ ਤੱਕ
ਪਹੁੰਚਾ ਦਿੱਤਾ

-0-

ਉਸ ਕਮਰੇ ਨੇ
ਕਈ ਵਾਰ ਆਪਣੀਆਂ
ਕੰਧਾਂ ਦਾ ਬਲਾਤਕਾਰ ਕੀਤਾ
ਆਪਣੇ ਵਿਹੜੇ ਦੀ ਗੁੱਦਾ ਉਧੇੜੀ
ਆਪਣੀ ਛੱਤ ਸੰਗ ਸੁੱਤਾ
ਤੇ ਕਈ ਵਾਰ
ਦਰਵਾਜ਼ੇ ਦੀ ਚੌਗਾਠ ਨੂੰ ਭੋਗਿਆ

----

# ਮੈਂ ਜੰਗਲ ਸਮੁੰਦਰ ਤੇ ਦੁਨੀਆਂ

## ਮੈਂ

ਮੈਂ ਹਾਂ
ਮੇਰੇ 'ਚ ਸੜਕਾਂ ਗਲੀਆਂ
ਮੁਹੱਲੇ ਮੰਡੀਆਂ ਬਾਜ਼ਾਰ ਹਨ
ਪਿੰਡ ਸ਼ਹਿਰ ਪ੍ਰਾਂਤ ਤੇ ਵਿਸ਼ਵ ਹੈ

-0-

ਵੱਖ ਵੱਖ ਰੰਗਾਂ ਨਸਲਾਂ ਜਾਤਾਂ
ਦੇ ਲੋਕ ਹਨ
ਵੱਖ ਵੱਖ ਭਾਸ਼ਾਵਾਂ
ਧਰਤੀਆਂ ਆਕਾਸ਼ ਹਨ
ਧੁੱਪਾਂ ਛਾਵਾਂ ਰੌਸ਼ਨੀਆਂ ਤੇ
ਸੂਰਜ ਹਨ

-0-

ਹਨ੍ਹੇਰੇ ਖ਼ੁਸ਼ੀਆਂ ਗ਼ਮ ਚੁੱਪਾਂ
ਉਦਾਸੀਆਂ ਇਕੱਲਤਾਂ ਤੇ
ਉਜਾੜਾਂ ਹਨ
ਪੂਰੀ ਦੀ ਪੂਰੀ ਦੁਨੀਆਂ ਦਾ
ਮੇਰੀ ਦੇਹ 'ਚ ਵਸੇਰਾ ਹੈ
ਮੌਸਮ ਹਨ ਰੁੱਤਾਂ ਹਨ
ਬਹਾਰਾਂ ਹਨ
ਜੀਵਨ ਹੈ ਕਬਰਾਂ ਹਨ
ਸ਼ਮਸ਼ਾਨ ਹੈ

-0-

ਪਰ ਮੈਂ
ਆਪਣੇ ਆਪ ਚੋ ਮਨਫ਼ੀ ਹਾਂ
ਮੇਰੇ 'ਚ ਵੱਸਦਾ
ਬ੍ਰਹਿਮੰਡ ਮੇਰਾ ਨਹੀਂ
ਮੈਂ ਜਿੰਨ੍ਹਾਂ
ਚਿਹਰਿਆਂ 'ਚ ਵੱਸਦਾ ਹਾਂ
ਉਹ ਹਾਜ਼ੂਮ ਮੇਰਾ ਨਹੀਂ
ਉਸ 'ਚ ਮੇਰਾ ਸੱਚ ਨਹੀਂ
ਮੇਰੀ ਹੋੱਦ ਨਹੀਂ
ਮੇਰੀ ਪਹਿਚਾਣ ਨਹੀਂ

-0-

ਮੈਂ ਆਪਣੀ ਹੋਂਦ
ਆਪਣੀ ਹੋਂਦ ਦੀ ਤਲਾਸ਼ 'ਚ
ਆਪਾ ਤਿਆਗ਼
ਆਪਣੇ ਆਪ ਤੋਂ
ਦੇਹ ਦੀ ਪਹਿਚਾਣ ਉਤਾਰ
ਆਪਣੇ ਸੱਚ
ਪਿੱਛੇ ਦੌੜਦਾ ਦੌੜਦਾ
ਆਪਣੇ ਆਪ ਤੋਂ ਵੀ
ਦੂਰ ਆ ਗਿਆ ਹਾਂ
ਪਿੱਛੇ ਜੋ ਰਹਿ ਗਿਆ ਹੈ
ਉਸ ਵਿਚ ਮੈਂ ਨਹੀਂ
ਉਹ ਮੇਰੇ 'ਚ ਹੈ

-0-

ਮੈਂ ਤਾਂ
ਆਪਣੀ ਤਲਾਸ਼ ਹੋ ਗਿਆ ਹਾਂ

ਆਪਣੇ ਚੋਂ
ਕਤਰਾ ਕਤਰਾ ਚੋਅ ਗਿਆ ਹਾਂ
ਆਪਣੇ ਸੱਚ ਸਾਗਰ ਦੀ
ਭਾਲ ਹੋ ਗਿਆ ਹਾਂ

-0-

<u>ਜੰਗਲ</u>

ਜੰਗਲ 'ਚ ਰੁੱਖ ਹਨ
ਪਸ਼ੂ ਪਖ਼ਸ਼ੀ ਹਰਿਆਵਲ ਹੈ
ਫੁੱਲ ਪੱਤੀਆਂ ਟਹਿਣੀਆਂ ਹਨ
ਫੱਲ ਹਨ ਬੀਜ ਹਨ
ਜੰਗਲੀ ਪਹਾੜ ਦਰਿਆ
ਨਦੀਆਂ ਹਨ
ਝੂਲਦੇ ਰੁੱਖਾਂ ਦੀਆਂ
ਨੱਚਦੀਆਂ ਛਾਵਾਂ ਹਨ
ਕੋਇਲ ਦਾ ਕੰਠ ਹੈ
ਮੋਰ ਦਾ ਨ੍ਰਿਤ ਹੈ
ਰੰਗ ਬਰੰਗੇ ਪੰਛੀਆਂ
ਦੀਆਂ ਡਾਰਾਂ ਹਨ
ਬੋਲ ਹਨ ਸੰਗੀਤ ਹੈ
ਪੱਤਿਆਂ 'ਚ ਗੂੰਜਦੀ ਹਵਾ
ਦੀ ਸਰਸਰ ਹੈ
ਰੰਗ ਹਨ ਖ਼ੁਸ਼ਬੂਆਂ ਹਨ
ਰੁਖਾਂ ਦੀ ਭੀੜ ਹੈ

-0-

ਪਰ ਜੰਗਲ 'ਚ ਜੰਗਲ
ਨਹੀਂ
ਜੰਗਲ ਕਿੱਥੇ ਹੈ
ਰੁੱਖਾਂ ਦੀ ਭੀੜ 'ਚ

ਜੰਗਲ ਦੀ ਇਕਾਂਤ
ਪੰਛੀਆਂ ਦੇ ਚੀਕ ਚਿਹਾੜੇ 'ਚ
ਜੰਗਲ ਦੀ ਚੁੱਪ ਗੁਆਚ
ਗਈ ਹੈ
ਰੁੱਖਾਂ ਦੀਆਂ ਛਾਵਾਂ 'ਚ
ਜੰਗਲ ਦਾ ਸੂਰਜ ਗੁੰਮ
ਗਿਆ ਹੈ

-0-

ਜੰਗਲ ਦੀ ਉਦਾਸੀ
ਇਕੱਲਤਾ ਤੇ ਪੱਤਝੜ
ਬਹਾਰਾਂ ਦੇ ਸਿੰਗੀਂ ਚੜ੍ਹ
ਗਈ ਹੈ
ਜੰਗਲ ਦੀ ਸਦੀਵੀਂ ਸੋਚ ਤੋਂ
ਜੰਗਲ ਸੱਖਣਾ ਕਰ ਗਈ ਹੈ
ਜੰਗਲ
ਆਪਣੀ ਇਕਾਂਤ ਚੁੱਪ ਉਦਾਸੀ
ਇਕੱਲਤਾ ਉਜਾੜ ਪੱਤਝੜ
ਸੂਰਜ ਤੇ
ਆਪਣੀ ਸਦੀਵੀਂ ਸੋਚ ਦੀ ਭਾਲ 'ਚ
ਆਪਣੀ ਦੇਹ ਤਿਆਗ
ਆਪਣੀ ਮਨਫ਼ੀ ਸਦੀਵਤਾ
ਦੀ ਭਾਲ 'ਚ
ਨਿਕਲ ਗਿਆ ਹੈ

-0-

<u>ਸਮੁੰਦਰ</u>

ਸਮੁੰਦਰ 'ਚ ਜਲ ਹੈ
ਬੂੰਦਾਂ ਦਾ ਵਜ਼ੂਦ ਹੈ

ਜੀਵ ਜੰਤੂ ਲਹਿਰਾਂ ਹਨ
ਲਹਿਰਾਂ ਦਾ ਸੰਗੀਤ ਹੈ
ਸਮੁੰਦਰੀ ਤਲ ਦਾ ਚਿਹਰਾ ਹੈ
ਜੋ ਸਮੁੰਦਰੀ ਫੁੱਲਾਂ ਫੱਲਾਂ ਰੁੱਖਾਂ
ਧੁੱਪਾਂ ਛਾਵਾਂ ਨਾਲ ਭਰਿਆ ਹੈ

-0-

ਸਮੁੰਦਰ 'ਚ
ਅਕਾਸ਼ ਦਾ ਅਕਾਸ਼ ਹੈ
ਸੂਰਜਾਂ ਚੰਨਾਂ ਤਾਰਿਆਂ
ਦੀ ਲੋਅ ਹੈ
ਸਮੁੰਦਰੀ ਪ੍ਰਕਿਰਤੀ ਦਾ
ਵਜ਼ੂਦ ਹੈ
ਹੀਰੇ ਮੋਤੀ ਲਾਲ ਜਵਾਹਰ ਹਨ
ਸਮੇਂ ਦਾ ਇਤਿਹਾਸ ਹੈ
ਗੁਆਚੀਆਂ ਸਭਿਆਤਾਵਾਂ
ਦਾ ਵਜ਼ੂਦ ਹੈ
ਨੈਣ ਨਕਸ਼
ਤੇ ਨਿੱਘ ਮੌਜ਼ੂਦ ਹੈ

-0-

ਸਮੁੰਦਰ ਤੇ ਸ਼ਹਿਰ ਵੱਸਦੇ
ਹਨ
ਘਰ ਹਨ ਲੋਕ ਹਨ
ਗਲੀਆਂ ਸੜਕਾਂ ਮੁਹੱਲੇ
ਹਨ
ਰੁੱਖਾਂ ਦੇ ਹਾਜ਼ੂਮ ਹਨ
ਸਮੁੰਦਰ ਦੇ ਸੀਨੇ 'ਚ
ਲਾਵਿਆਂ ਦੀ ਰੌਸ਼ਨੀ ਹੈ

-0-

ਪਰ ਸਮੁੰਦਰ 'ਚ ਸਮੁੰਦਰ
ਨਹੀਂ
ਸਮੁੰਦਰ ਚੋਂ ਸਮੁੰਦਰ ਦਾ
ਥਲ ਆਲੋਪ ਹੈ
ਸਮੁੰਦਰ ਦੀ ਨਿਰਮਲਤਾ
ਰੰਗ ਰੂਪ ਸੁੰਦਰਤਾ
ਕਰੋਪੀ ਗਈ ਹੈ
ਸਮੁੰਦਰ ਦਾ ਵਜੂਦ ਸੁੰਘੜ
ਗਿਆ ਹੈ
ਸੱਚ ਮੈਲਾ ਹੋ ਗਿਆ ਹੈ

-0-

ਸ਼ੀਸ਼ੇ ਦੀ ਦੁਨੀਆਂ ਦੀ ਗੰਦਗੀ
ਤੇ ਤੇਲ ਨੇ
ਸਮੁੰਦਰ ਦਾ ਚਿਹਰਾ
ਢੱਕ ਲਿਆ ਹੈ
ਸਮੁੰਦਰ ਆਪਣੇ ਆਪ 'ਚ
ਬਲ ਰਿਹਾ ਹੈ
ਪੰਛੀਆਂ ਦੀਆਂ ਲਾਸ਼ਾਂ ਨਾਲ
ਕਿਨਾਰੇ ਭਰ ਰਿਹਾ ਹੈ
ਮੋਈਆਂ ਮੱਛੀਆਂ ਦੀ
ਬਦਬੂ ਫੈਲ ਰਹੀ ਹੈ
ਸਮੁੰਦਰੀ ਜੀਵਨ ਦੀ ਲਾਸ਼
ਸਮੁੰਦਰ ਤੇ ਤੈਰ ਰਹੀ ਹੈ
ਸੱਚ ਸੁੰਦਰਤਾ ਸਮੁੰਦਰ ਨੂੰ
ਅਲਵਿਦਾ ਕਹਿ ਗਿਆ ਹੈ

-0-

ਸਮੁੰਦਰ ਦੀ ਮਹਿਕ 'ਚ
ਬਾਰੂਦ ਦੀ ਗੰਧ ਰਲ

ਗਈ ਹੈ
ਸਮੁੰਦਰ ਦੀ ਨੀਰਤਾ
ਅੱਗਣ 'ਚ ਬਦਲ ਗਈ ਹੈ
ਸਮੁੰਦਰ
ਆਪਣਾ ਥਲ ਨਿਰਮਲਤਾ
ਵਜ਼ੂਦ ਸੱਚ ਸੁੰਦਰਤਾ ਤੇ
ਮਹਿਕ ਦੇ
ਗਫ਼ੂਰ ਹੋਏ ਸੱਚ ਦੀ ਭਾਲ 'ਚ
ਆਪਣਾ ਵਜ਼ੂਦ ਤਿਆਗ
ਆਪਣੀ ਦੇਹ ਵਿਚਲੀ
ਸਮੱਗਰੀ ਨੂੰ ਅਲਵਿਦਾ ਕਹਿ
ਆਪਣੇ ਆਪ ਦੀ ਭਾਲ 'ਚ
ਨਿਕਲ ਗਿਆ ਹੈ

-0-

ਦੁਨੀਆਂ

ਦੁਨੀਆਂ 'ਚ ਦੁਨੀਆਂ ਹੈ
ਦੁਨੀਆਂ ਦਾ ਕਲਬੂਤ ਹੈ
ਦੁਨੀਆਂ 'ਚ ਜੋ ਕੁੱਝ ਮੌਜ਼ੂਦ ਹੈ
ਉਹ ਦੁਨੀਆਂ ਦਾ ਸੱਚ ਨਹੀਂ
ਦੁਨੀਆਂ ਦਾ ਸੱਚ
ਕੁੱਝ ਹੋਰ ਹੈ
ਅੰਦਰ ਕੁੱਝ ਹੋਰ ਹੈ
ਬਾਹਰ ਕੁੱਝ ਹੋਰ ਹੈ
ਦੁਨੀਆਂ ਦਾ ਰੰਗਲਾਪਣ
ਛੱਡਣ ਲਈ ਸੱਚ ਮਜ਼ਬੂਰ ਹੈ

-0-

ਮਨੁੱਖ ਨੇ ਮੌਤ ਦਾ ਸੱਚ
ਤਿਆਗ

ਜੀਵਨ ਦਾ ਝੂਠ ਪਾਲ
ਰੱਖਿਆ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ 'ਚ
ਆਪਾ ਢਾਲ ਰੱਖਿਆ ਹੈ
ਆਪਣੇ ਲਾਲਚ 'ਚ
ਐਸ਼ੋ ਆਰਾਮ 'ਚ ਏਨਾ
ਗੁੰਮ ਗਿਆ ਹੈ ਆਦਮੀ
ਕਿ ਆਪਣਾ ਚਿਹਰਾ
ਆਪਣਾ ਸੱਚ ਆਪਣੀ
ਪਹਿਚਾਣ ਭੁੱਲ ਗਿਆ ਹੈ
ਆਦਮੀ

–0–

ਮਨੁੱਖ ਦੁਨੀਆਂ ਦੀ
ਦੁਨੀਆਂ ਮਨੁੱਖ ਦੀ
ਸਮੱਗਰੀ ਹੈ
ਦੁਨੀਆਂ ਮਨੁੱਖ ਦਾ ਸੱਚ
ਨਹੀਂ
ਮਨੁੱਖ ਦੁਨੀਆਂ ਦਾ ਸੱਚ ਹੈ
ਇਹ ਕੱਚ ਦੀ ਦੁਨੀਆਂ ਹੈ
ਕੱਚ ਜਿਉਂਦੇ ਕੱਚ ਦੇ
ਮਨੁੱਖ ਦਾ ਸੱਚ ਹੈ
ਦੁਨੀਆਂ ਚੋਂ ਦੁਨੀਆਂ
ਮਨਫ਼ੀ ਹੈ
ਮਨੁੱਖ ਚੋਂ ਮਨੁੱਖ ਮਨਫ਼ੀ ਹੈ

–0–

ਆਪਣੇ ਆਪਣੇ
ਭਰਮ ਨੂੰ ਸੱਚ ਜਾਣ
ਦੋਹਾਂ ਦੇ ਕਲਬੂਤ

ਕਲਬੂਤ ਜੀਅ ਰਹੇ ਹਨ
ਇਕ ਦੂਜੇ ਨੂੰ ਸਹਿ ਰਹੇ ਹਨ
ਇਕ ਦੂਜੇ ਦਾ ਲਹੂ ਪੀ ਰਹੇ ਹਨ
ਦੋਵੇਂ ਹੀ ਸੁਫ਼ਨੇ 'ਚ ਜੀਅ ਰਹੇ ਹਨ
ਸੁਫ਼ਨਾ ਜਦ ਟੁੱਟਿਆ
ਦੁਨੀਆਂ ਦਾ ਮਨੁੱਖ ਲਈ
ਮਨੁੱਖ ਲਈ ਦੁਨੀਆਂ ਦਾ
ਰਿਸ਼ਤਾ ਮੁਕਿਆ

-0-

ਦੁਨੀਆਂ
ਆਪਣੀ ਸਮੱਗਰੀ ਤਿਆਗ
ਆਪਣੀ ਹੋਂਦ ਦੇ ਸੱਚ ਦੀ
ਤਲਾਸ਼ 'ਚ
ਨਿਕਲ ਗਈ ਹੈ
ਨਵਾਂ ਮਨੁੱਖ ਨਵਾਂ ਸਮਾਜ
ਸਿਰਜਣ ਲਈ ਉਤਰ
ਗਈ ਹੈ
ਨਵੀਆਂ ਧਰਤੀਆਂ
ਨਵੇਂ ਅਕਾਸ਼ ਤੇ ਸੂਰਜਾਂ
ਦੀ ਤਲਾਸ਼ 'ਚ
ਆਪਣੇ ਖੋਲ 'ਚ ਚਾਨਣ
ਧਰਨ ਲਈ
ਅੰਦਰਲਾ ਕੋਹੜ ਹਨ੍ਹੇਰਾ
ਤੇ ਗੰਧ ਦੂਰ ਕਰਨ ਲਈ
ਆਪਣੇ ਅੰਦਰਲੇ ਝੂਠ ਨੂੰ
ਦਫ਼ਨਾਉਣ ਲਈ
ਮੈਦਾਨੇ ਜੰਗ 'ਚ ਉਤਰ
ਆਈ ਹੈ
ਆਪਣੀ ਮੰਦੀ ਦਾਸਤਾਂ

ਅੰਬਰ ਧਰਤੀ ਪ੍ਰਕਿਰਤੀ
ਤੇ ਸਿਰਜਣਹਾਰ ਨੂੰ ਸੁਣਾਈ ਹੈ

-0-

ਦੁਨੀਆਂ ਨੇ ਦਾਗ਼ਾਂ
ਨਾਲ ਭਰਿਆ
ਆਪਣਾ ਚਿਹਰਾ ਵਿਖਾਇਆ
ਹੈ
ਅੰਦਰਲਾ ਕੋਹੜ
ਦੁਨੀਆਂ ਦੇ ਚਿਹਰੇ 'ਤੇ
ਚੀਚਕ ਬਣਕੇ ਉੱਗ ਆਇਆ
ਹੈ

-0-

ਦੁਨੀਆਂ ਦੇ ਸੁੰਦਰ ਚਿਹਰੇ 'ਤੇ
ਮਨੁੱਖ ਨੇ ਜੋ ਜ਼ਖ਼ਮ ਬਰੂਦ
ਤੇ ਅੱਗਣ ਦੇ ਲਾਏ ਸਨ
ਦੁਨੀਆਂ ਦੀ ਹਿੱਕ ਤੇ
ਜੋ ਕਬਰਾਂ ਦੀਆਂ ਫ਼ਸਲਾਂ
ਉੱਗਾਈਆਂ ਸਨ
ਜ਼ਖ਼ਮ ਦੁਨੀਆਂ ਦੇ ਝੁਲਸੇ ਚਿਹਰੇ ਤੋਂ
ਕਬਰਾਂ ਦੁਨੀਆਂ ਦੀ ਕੁੱਖ ਚੋਂ
ਨਜ਼ਰ ਆਈਆਂ ਹਨ

-0-

ਦੁਨੀਆਂ ਦੇ ਰੁੱਖ ਦਾ
ਹਰ ਸੜਿਆ ਪੱਤਾ ਟਹਿਣੀਆਂ
ਤਣਾ ਤੇ ਉਖੜੀਆਂ ਜੜ੍ਹਾਂ
ਦੁਨੀਆਂ ਨੇ ਤਲੀ ਤੇ
ਟਿਕਾਈਆਂ ਹਨ
ਦੁਨੀਆਂ ਦੇ ਨੈਣਾਂ 'ਚ
ਲਹੂ ਦੀਆਂ ਨਦੀਆਂ

ਉਤਰ ਆਈਆਂ ਹਨ

-0-

ਨਵਾਂ ਮਨੁੱਖ ਨਵੀਂ ਮਨੁੱਖਤਾ
ਸ਼ਾਂਤੀ ਅਮਨ ਤੇ
ਸੱਚ ਦੀ ਤਲਾਸ਼ 'ਚ
ਦੁਨੀਆਂ
ਆਪਣੀ ਦੇਹ ਤਿਆਗ
ਆਈ ਹੈ
ਦੁਨੀਆਂ ਨੇ ਆਪਣੀ ਲਾਸ਼
ਆਪਣੇ ਮੋਢੇ ਉੱਠਾਈ ਹੈ
ਸੰਬੋਧਨ ਹੈ ਆਪਣੇ ਆਪ ਨੂੰ
ਆਪਣੀ ਸਮੱਗਰੀ ਨੂੰ
ਮਨੁੱਖ ਨੂੰ ਮਨੁੱਖਤਾ ਦੀ ਹਸਤੀ ਨੂੰ

-0-

ਉਹਦੀ
ਸੱਚ ਸੁੰਦਰਤਾ ਕਲਿਆਣ
ਅਮਨ ਸ਼ਾਂਤੀ
ਜਦ ਤੱਕ ਮੁੜਦੀ ਨਹੀਂ
ਮਨੁੱਖ ਮਨੁੱਖਤਾ ਲਈ
ਦੁਨੀਆਂ
ਆਪਣਾ ਦਰ ਖੋਲ੍ਹੇਗੀ ਨਹੀਂ
ਕਬਰਾਂ ਦਾ ਵਜੂਦ
ਤੇ ਸ਼ਮਸ਼ਾਨ ਜੀਵੇਗੀ
ਆਦਮੀ ਦੇ ਤੁਖ਼ਮ ਨਾਲ
ਬੋਲੇਗੀ ਨਹੀਂ

-0-

ਮੈਂ ਜੰਗਲ ਸਮੁੰਦਰ
ਤੇ ਦੁਨੀਆਂ
ਆਪਣਾ ਆਪਣਾ ਖੋਲ੍ਹ

ਉਤਾਰਦੇ ਹਾਂ
ਆਪਣਾ ਆਪਣਾ ਸੱਚ
ਪਹਿਚਾਣਦੇ ਹਾਂ
ਆਪਣੇ ਆਪਣੇ
ਕਲਬੂਤ ਦੇ ਭਰਮ ਤੋਂ
ਬਾਹਰ ਨਿਕਲਦੇ ਹਾਂ
ਸਰਬ ਸਾਂਝੀਵਾਲਤਾ ਤੇ ਸੱਚ
ਸਿਮਰਦੇ ਹਾਂ
ਜੋ ਜੰਗਲ ਦਾ ਸਮੁੰਦਰ ਦਾ
ਦੁਨੀਆਂ ਦਾ ਤੇ ਮੇਰਾ ਸੱਚ ਹੈ
ਸੱਚ ਆਪਣੀ
ਆਪਣੀ ਦੇਹ 'ਚ ਧਰਦੇ ਹਾਂ
ਸਰਬ ਸਾਂਝੀ ਸੋਚ ਦਾ
ਹੁੰਗਾਰਾ ਭਰਦੇ ਹਾਂ

-0-

ਸਰਬ ਸਾਂਝਾ ਸੰਸਾਰ
ਸਿਰਜੜੇ ਹਾਂ
ਸਾਂਝੇ ਨੂਰ ਦੀ ਚਾਦਰ 'ਚ
ਅੰਦਰੋਂ ਤੇ ਬਾਹਰੋਂ ਘਿਰਦੇ ਹਾਂ
ਮਨੁੱਖ ਲਈ ਜਿਉਂਦੇ ਹਾਂ
ਮਨੁੱਖਤਾ ਲਈ ਮਰਦੇ ਹਾਂ
ਮਨੁੱਖ ਮਨੁੱਖਤਾ 'ਚ
ਸਮਾਇਆ ਹੈ
ਮਨੁੱਖ ਨੂੰ ਆਪਣਾ ਸੱਚ
ਆਪਣੇ ਚੋਂ
ਦੁਨੀਆਂ ਜੰਗਲ ਤੇ ਸਮੁੰਦਰ ਚੋਂ
ਨਜ਼ਰ ਆਇਆ ਹੈ

-----

# ਹਸਤਨਾਪੁਰ
(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ਤਤਕਰਾ


1. ਬਚਪਨ ਤੋਂ ਬੁਢਾਪੇ ਦਾ ਸਫ਼ਰ
2. ਪਿੰਡ ਤੇ ਸ਼ਮਸ਼ਾਨ
3. ਜੜ੍ਹ
4. ਰੁੱਖ ਧੁੱਪ ਤੇ ਛਾਂ
5. ਫ਼ਿਤਰਤ
6. ਕਾਂ
7. ਸੁਰੱਖ਼ਸ਼ਾ
8. ਹਸਤਨਾਪੁਰ ਦੀ ਚੁੱਪ
9. ਹਸਤਨਾਪੁਰ ਦਾ ਧੜ
   ਕੌਰਵਾਂ ਤੇ ਪਾਂਡਵਾਂ ਦਾ ਸਿਰ
10. ਘੁੱਗ ਵੱਸਦਾ ਹਸਤਨਾਪੁਰ

## ਬਚਪਨ ਤੋਂ ਬੁੱਢਾਪੇ ਦਾ ਸਫ਼ਰ

ਰੁੱਖਾਂ ਤੋਂ ਪੱਤ ਝੜਦੇ ਹਨ
ਡਿੱਗਦੇ ਨੇ ਤੁਪਕੇ ਪਾਣੀ
ਦੇ ਜਿਉਂ
ਉਮਰ ਦੇ ਹੱਥੋਂ ਕਿਰਦੇ ਨੇ
ਪਲ ਜਵਾਨੀ ਦੇ ਜਿਉਂ

–0–

ਕਦੀ ਘਟਦੀ ਹੈ
ਲੋਅ ਅੱਖੀਆਂ ਦੀ
ਕਦੀ ਰਾਤ ਦਿਨ
ਦਿਨ ਰਾਤ ਲੱਗਦਾ ਹੈ
ਕਦੀ
ਬੁੱਢਾਪਾ ਰੁੱਖਾਂ ਦਾ
ਜੜ੍ਹਾਂ ਚੋਂ ਬੀਤਿਆ
ਬਚਪਨ ਲੱਭਦਾ ਹੈ
ਕਦੀ ਫਿੱਕੀ ਪੈ ਜਾਂਦੀ ਹੈ
ਤੋਰ ਕਿਸੇ ਅਲੜ੍ਹ
ਜਵਾਨੀ ਦੀ
ਢਲ ਜਾਂਦਾ ਹੈ ਜੋਬਨ
ਆਕੜ ਮਰ ਜਾਂਦੀ ਹੈ
ਮਰਜਾਣੀ ਦੀ

–0–

ਜਦ ਬਚਪਨ
ਉਂਗਲੀ ਫੜਕੇ ਤੁਰਦਾ ਹੈ
ਮਿਸ਼ਰੀ ਵਾਂਗ ਹਾਸਾ ਭੁਰਦਾ ਹੈ

ਜਦ ਪੈਰ ਟਿਕਾਉਣਾ
ਰਾਹਾਂ ਤੇ
ਹੱਥ ਫੜਨਾ ਮਾਂ ਦੀ
ਮਮਤਾ ਦਾ
ਤੋਤਲੀ ਜ਼ੁਬਾਨ ਤੋਂ
ਜਦ ਮਾਂ ਕਹਿੰਦਾ ਹੈ
ਰੱਬ ਅੰਬਰ ਦਾ
ਧਰਤ ਤੇ ਆ ਬਹਿੰਦਾ ਹੈ

-0-

ਫਿਰ ਵਾਰੀ
ਆਉਂਦੀ ਅੱਬੇ ਦੀ
ਤਾਏ ਚਾਚੇ ਸੱਜੇ ਖੱਬੇ ਦੀ
ਜਦ ਭੋਲੇ ਭਾਲੇ ਨੈਣ
ਬੋਲਦੇ ਨੇ
ਦਰ ਚੁੱਪ ਆਪਣੀ ਦਾ
ਖੋਲ੍ਹਦੇ ਨੇ
ਫ਼ਿਰ ਚੀਕਾਂ ਤੇ ਕਿਲਕਾਰੀਆਂ
ਦਾ ਸ਼ੋਰ ਗੂੰਜਦਾ ਹੈ ਵਿਹੜੇ 'ਚ
ਕਦੀ
ਲੱਕ ਅੱਬੇ ਦਾ ਫੜਦਾ ਹੈ
ਕਦੀ ਮਾਂ ਦੀ ਕੁੱਛੜ
ਚੜ੍ਹਦਾ ਹੈ

-0-

ਫਿਰ ਖੇਡਾਂ ਗੁੱਡੀ ਗੁੱਡੇ ਦੀਆਂ

ਨੱਸਣਾ ਤੇ ਡਿੱਗ ਡਿੱਗ
ਪੈਣਾ
ਕਦੀ ਝੂਠੇ ਮੂਠੇ ਅੱਥਰੂ
ਨੈਣਾਂ 'ਚ
ਕਦੀ ਹਾਸੇ ਵੱਖ ਵੱਖ
ਵਹਿਣਾ 'ਚ
ਬਿਨ ਫ਼ਿਕਰ ਬਿਤਾਉਣੀ
ਉਮਰਾ
ਬਿਨ ਚਿੰਤ ਹੰਢਾਉਣੀ
ਉਮਰਾ
ਸਾਰਾ ਦਿਨ ਖੇਡਦਿਆਂ
ਲੰਘਣਾ
ਮਿਲ ਜਾਣਾ ਜੋ ਵੀ ਮੰਗਣਾ

-0-

ਫਿਰ ਸਫ਼ਰ
ਮਦਰੱਸੇ ਦਾ ਕਰਨਾ
ਰੋਣਾ ਤੇ ਸਕੂਲੇ ਜਾਣੋ
ਡਰਨਾ
ਫਿਰ ਝਿੜਕਾਂ ਅੰਮੀਂ
ਅੱਬੇ ਦੀਆਂ
ਫਿਰ ਸਾਗਰ
ਹੰਝੂਆਂ ਦਾ ਤਰਨਾ
ਤੇ ਮਦਰੱਸੇ ਜਾ ਵੜਨਾ

-0-

ਫਿਰ ਮੇਲੇ
ਹਾਣੀਆਂ ਬੇਲੀਆਂ ਦੇ
ਮਹਿਕਾਂ
ਫੁੱਲ ਚੰਮੇਲੀਆਂ ਦੇ
ਯਾਰਾਂ ਨਾਲ ਘੁੰਮਦੇ
ਰਹਿਣਾ
ਇਕ ਪਲ ਵੀ
ਘਰ ਨਾ ਬਹਿਣਾ

-0-

ਆਵਾਰਗੀ
ਪਿਆਰੀ ਲਗਣੀ
ਨਾ ਜਮ੍ਹਾਂ ਨਾ ਮਨਫ਼ੀ
ਨਾ ਹਾਸਲ
ਦੁਪਹਿਰਾਂ ਤੋਂ ਤ੍ਰਿਕਾਲਾਂ ਤੱਕ
ਧੁੱਪੇ ਸੜਨਾ
ਅੱਬਾ ਦੇ ਗੁੱਸੇ ਤੋਂ ਡਰਨਾ
ਅੰਮੀਂ ਦੇ ਗਲ ਜਾ
ਲੱਗਣਾ
ਫਿਰ ਝਕਦੇ ਝਕਦੇ ਖੁੱਲ੍ਹ
ਜਾਣਾ
ਖਾਣਾ ਪੀਣਾ
ਤੇ ਸੌਂ ਜਾਣਾ
ਅੱਬੇ ਦਾ ਗੁੱਸਾ ਭੁੱਲ ਜਾਣਾ

-0-

ਲੰਘਿਆ ਬਚਪਨ
ਜਵਾਨੀ ਆਈ
ਲੰਘੇ ਬਚਪਨ ਤੇ ਪਛਤਾਈ
ਝੂਰੇ ਤੇ ਅੱਥਰੂ ਕੇਰੇ
ਕੌਣ ਕੋਈ ਬਚਪਨ ਮੋੜੇ
ਜਦ ਆਪਣੇ ਆਪ ਦਾ
ਫ਼ਿਕਰ ਨਹੀਂ ਸੀ
ਬਾਦਸ਼ਾਹੀ
ਉਮਰ ਸੀ ਉਦੋਂ
ਮਾਂ ਬਾਪ ਆਂਢ-ਗੁਆਂਢ
ਸਭ ਨੌਕਰ ਚਾਕਰ ਸਨ
ਗਾਗਰ ਵਿਚ ਸਾਰੇ
ਸਾਗਰ ਸਨ
ਆਈ ਜਵਾਨੀ
ਭੁੱਲਿਆ ਬਚਪਨ
ਅੱਥਰੂ ਬਣ ਡੁੱਲ੍ਹਿਆ
ਬਚਪਨ

-0-

ਜਵਾਨੀ
ਜਦ ਦਰ ਖੜਕਾਉਂਦੀ ਹੈ
ਨੈਣਾਂ 'ਚ
ਦੀਵੇ ਜਗਾਉਂਦੀ ਹੈ
ਨਕਸ਼ਾਂ ਤੇ ਰੰਗਤ ਆਉਂਦੀ ਹੈ

ਫਿਰ ਅੱਖੀਆਂ
ਬਾਤਾਂ ਪਾਉਂਦੀਆਂ ਹਨ
ਅੱਗ ਪਾਣੀ ਨੂੰ
ਲਾਉਂਦੀਆਂ ਹਨ

-0-

ਧਰਤੀ ਤੇ ਪੈਰ ਨਾ ਟਿਕਦਾ
ਹੈ
ਚੰਬਾ ਰੂਪ ਦਾ ਖਿੜਦਾ ਹੈ
ਭਵਰੇ ਨੂੰ
ਉੱਡੀਕ ਦੀਆਂ ਕਲੀਆਂ
ਜਦ ਪੀਂਘਾਂ ਝੂਟਣ
ਸਖੀਆਂ ਚਲੀਆਂ
ਜਦ ਦਿੰਦੀ ਪੀਂਘ ਹੁਲਾਰਾ
ਫਿਰ ਲੱਭਦਾ ਰੂਪ
ਨਿੱਘ ਕੁਆਰਾ
ਮੌਸਮ ਨੂੰ ਲੂਹੀ ਜਾਂਦਾ ਹੈ
ਅੰਬਰ ਨੂੰ ਛੂਹੀ ਜਾਂਦਾ ਹੈ

-0-

ਜਦ ਮੋਕਲੇ ਮੋਕਲੇ ਅੰਗਾਂ 'ਚ
ਕੁੜਤੀ ਭੀੜੀ ਹੋ ਹੋ ਜਾਂਦੀ ਹੈ
ਜਿਸਮਾਂ ਚੋਂ ਅੱਗਾਂ
ਸਿਮਦੀਆਂ ਨੇ
ਨੈਣਾਂ 'ਚ ਚਿੰਣਗਾਂ ਫੁੱਟਦੀਆਂ ਨੇ
ਫਿਰ ਨਦੀਆਂ

ਜਾ ਮਿਲਦੀਆਂ ਨੇ
ਦਰਿਆਵਾਂ ਦੇ ਅੱਥਰੇ
ਵਹਿਣਾ ਨੂੰ
ਫਿਰ ਠੰਡੇ ਅੰਗ ਹੋ ਜਾਂਦੇ ਨੇ
ਰੂਪ 'ਚ ਮਚੀ ਜਵਾਨੀ ਦੇ
ਰੁੱਖਾਂ ਤੋਂ ਪੱਤੇ ਝੜਦੇ ਨੇ
ਡਿੱਗਦੇ ਨੇ ਤੁਪਕੇ ਪਾਣੀ ਦੇ
ਜਿਵੇਂ ਉਮਰ ਦੇ ਹੱਥੋਂ
ਕਿਰਦੇ ਨੇ ਪਲ ਜਵਾਨੀ ਦੇ

-0-

ਜੁਆਨੀ ਢਲੀ
ਬੁਢਾਪਾ ਆਇਆ
ਜੀਵਨ ਦਾ ਸਫ਼ਰ ਮੁਕਾਇਆ
ਕੰਬੀ ਦੇਹ
ਲੱਤਾਂ ਤੁਰਨਾ ਭੁੱਲਿਆ
ਘੱਟ ਗਈ ਲੋਅ ਅੱਖੀਆਂ ਦੀ
ਤੇ ਸਿਰ ਚਿੱਟਾ ਹੋਇਆ
ਕਦੀ ਬੁੱਢਾਪਾ ਬਚਪਨ ਲੱਭੇ
ਕਦੀ ਜਵਾਨੀ ਭਾਲੇ
ਚੁੱਪ ਦਾ
ਕਦੀ ਸੀ ਸ਼ੋਰ ਗੂੰਜਦਾ
ਹੁਣ ਬੋਲਿਆਂ ਵੀ ਨਾ ਬੋਲੇ

ਭੁੱਲ ਜਾਂਦੈ
ਆਪਣੇ ਘਰ ਦਾ ਹੀ ਰਾਹ
ਭੁੱਲ ਜਾਂਦੇ ਨੇ ਚਿਹਰੇ
ਭੁੱਲ ਜਾਂਦੇ ਨੇ ਰਿਸ਼ਤੇ ਨਾਤੇ
ਆਪਣੇ ਚਾਰ ਚੁਫੇਰੇ
ਸੁੱਧ ਬੁੱਧ ਨਹੀਂ ਕੋਈ
ਆਪਣੀ ਦੇਹ ਦੀ
ਸੰਭਲੇ ਕੋਈ ਸੰਭਾਲੇ
ਇਕ ਬੁੱਢਾਪਾ
ਇਕ ਜਿੰਦ ਇਕੱਲੀ
ਨਾ ਕੋਈ ਆਸੇ ਪਾਸੇ

-0-

ਮਾਂ ਦੀ ਗਰਭ 'ਚ ਸੀ
ਤਿਆਰੀ
ਦੁਨੀਆਂ ਤੇ ਆਵਣ ਦੀ
ਬਚਪਨ ਬੀਤਿਆ
ਜੁਆਨੀ ਬੀਤੀ
ਹੁਣ ਬੁੱਢਾਪਾ ਆਇਆ
ਦੁਨੀਆਂ ਨੂੰ ਛੱਡਣ ਵੇਲੇ
ਬਹਿ ਕੀਤਾ ਲੇਖਾ ਜੋਖਾ
ਕੀ ਖੱਟਿਆ
ਕੀ ਗੁਆਇਆ
ਕੀ ਨਿਕਲਿਆ ਸਿੱਟਾ

ਨਾ ਖੱਟਿਆ
ਨਾ ਕੁੱਝ ਪਾਇਆ
ਸਭ ਕੁੱਝ ਹੀ ਗੁਆਇਆ
ਨਾ ਚੰਗੇ ਇਨਸਾਨ ਬਣੇ
ਨਾ ਚੰਗੇ ਅਖਵਾਇਆ

-0-

ਨਾਂ ਕੋਈ ਚੰਗਾ ਕਰਮ ਹੀ
ਕੀਤਾ
ਨਾ ਕੋਈ ਪੁੰਨ ਕਮਾਇਆ
ਮੋਹ ਮਾਇਆ
ਲੋਭ ਹੰਕਾਰ 'ਚ
ਜੀਵਨ ਇੰਜ ਗੁਆਇਆ
ਬੀਤ ਗਿਆ ਜੀਵਨ ਸਾਰਾ
ਜੀਵਨ ਦਾ ਸੱਚ ਜਦ
ਸਮਝੀ ਆਇਆ

-0-

ਹੁਣ ਤੇ ਕੁੱਝ ਵੀ ਹੋ ਨਹੀਂ
ਸਕਦਾ
ਸਮਾਂ ਬੀਤਿਆ
ਕਦੀ ਪਰਤ ਨਾ ਆਇਆ
ਪਹਿਲਾਂ
ਕਬੀਲਦਾਰੀ ਦਾ ਮੋਹ ਸੀ
ਫਿਰ ਮੋਹ ਬੱਚਿਆਂ ਦਾ
ਪਾਇਆ

ਬੱਚਿਆਂ ਤੋਂ
ਬੱਚਿਆਂ ਦੇ ਮੋਹ ਨੇ
ਪਿੱਛਾ ਨਾ ਛੱਡਿਆ
ਮੋਹ ਨਾ ਮੁੱਕਿਆ
ਦਿਨ ਕਬਰਾਂ ਵਿਚ
ਪੁੱਜਣ ਦਾ ਆਇਆ

-0-

ਜਿਸ ਰੱਬ ਨੇ ਸੀ ਪੈਦਾ
ਕੀਤਾ
ਨਾ ਉਸਦਾ ਨਾਮ ਧਿਆਇਆ
ਨਾ ਹੀ ਉਸਨੂੰ ਚੇਤੇ ਕੀਤਾ
ਨਾ ਉਸਦਾ ਚੇਤਾ ਆਇਆ
ਕਰੋੜਾਂ ਦਾ ਜਨਮ ਅਣਮੁੱਲਾ
ਕੌਡੀਆਂ ਭਾ ਗੁਆਇਆ
ਜੋ ਆਪਣੀ ਹੀ
ਜੜ੍ਹ ਨੂੰ ਭੁੱਲਿਆ
ਉਸਨੇ ਕੀ ਫੱਲ ਪਾਇਆ

----

## ਪਿੰਡ ਤੇ ਸ਼ਮਸ਼ਾਨ

ਪਿੰਡ ਦੀਆਂ
ਗਲੀਆਂ 'ਚ ਹਨ੍ਹੇਰਾ ਹੈ
ਘਰਾਂ 'ਚ
ਕੋਈ ਦੀਵਾ ਬੱਤੀ ਨਹੀਂ
ਬਲਦੀ
ਘਰਾਂ 'ਚ ਵਸਦੇ ਲੋਕ ਹਨ
ਪਰ ਕੋਈ ਬੋਲਦਾ ਨਹੀਂ
ਲੱਖ ਦਰਵਾਜ਼ੇ ਖੜਕਾਓ
ਕੋਈ ਖੋਲ੍ਹਦਾ ਨਹੀਂ

-0-

ਪਿੰਡ ਦੀ ਧਰਤੀ ਅੰਬਰ
ਦਿਸ਼ਾਵਾਂ ਉਦਾਸ ਨੇ
ਚੁੱਪ ਹੈ
ਤਾਸੀਰ ਤੇ ਜ਼ਮੀਰ ਪਿੰਡ ਦੀ
ਵੀਰਾਨੀ ਹੈ
ਕਿ ਪਿੰਡ ਦੇ ਵਜ਼ੂਦ 'ਚ ਫੈਲ
ਗਈ
ਉਜਾੜ ਹੈ
ਕਿ ਪਿੰਡ ਦੇ ਨੈਣਾਂ 'ਚ ਤਰ ਰਹੀ
ਨਾ ਤੂਤਾਂ ਚ ਘੁੱਗੀ ਬੋਲਦੀ
ਨਾ ਬਾਗਾਂ 'ਚ ਪੈਲ ਮੋਰ ਦੀ
ਨਾ ਪਿੰਡ ਦੀਆਂ ਜੂਹਾਂ ਬੇਲਿਆਂ ਚੋਂ
ਮੁਹੱਬਤ ਦੇ ਗੀਤ ਗੂੰਜਦੇ

ਨਾ ਗਿੱਧਾ ਨਾ ਭੰਗੜਾ
ਨਾ ਧਮਾਲ ਪੈਂਦੀ ਹੈ
ਨਾ ਖ਼ੁਸ਼ੀਆਂ ਨਾ ਖੇੜੇ
ਨਾ ਰੌਣਕ ਨਜ਼ਰ ਆਉਂਦੀ ਹੈ

-0-

ਨਾ ਘੋੜੀਆਂ ਨਾ ਸੁਹਾਗ
ਨਾ ਢੋਲੇ ਮਾਹੀਏ
ਜਵਾਨੀ ਗਾਉਂਦੀ ਹੈ
ਨਾ ਨੱਚਦੀ ਨਾ ਟੱਪਦੀ
ਨਾ ਪੀਂਘਾਂ ਚੜ੍ਹਾਉਂਦੀ ਹੈ
ਨਾ ਮੇਲੇ
ਨਾ ਦਰਗਾਹੀਂ ਬਲਦੇ ਨੇ
ਚੀਰਾਗ
ਨਾ ਚਰਖ਼ੇ ਦੀ ਘੂਰਕ
ਨਾ ਸੁਰ ਨਾ ਸਾਜ਼
ਹਨ ਤੁਰਦੀਆਂ ਫਿਰਦੀਆਂ
ਲਾਸ਼ਾਂ ਦੇ ਹਾਜ਼ੂਮ
ਮੋਇਆ ਹੈ ਪਿੰਡ ਮੁਰਦਾ ਨੇ
ਲੋਕ

-0-

ਸੁੰਨ ਮਸਾਨ ਹੈ
ਚੁੱਪ ਹੈ ਵੀਰਾਨੀ ਹੈ
ਨਾ ਬਾਲਾਂ ਦਾ ਚੀਕ ਚਿਹਾੜਾ ਹੈ
ਨਾ ਬਜ਼ੁਰਗਾਂ ਦਾ ਹੁੰਗਾਰਾ
ਨਾ ਖਾਂਸੀ ਹੈ

ਜ਼ਖ਼ਮੀ ਤੇ ਕੋਲੇ
ਇਸ ਪਿੰਡ ਦੀਆਂ ਰੁੱਤਾਂ
ਬਹਾਰਾਂ ਹਨ
ਘਰਾਂ ਦੀਆਂ ਕੰਧਾਂ ਛੱਤਾਂ
ਵਿਹੜਿਆਂ 'ਚ
ਪਸਰੀਆਂ ਉਜਾੜਾਂ ਹਨ

-0-

ਨਾ ਨਿੱਘ ਨੈਣਾਂ ਦਾ
ਨਾ ਗਿਲੇ ਨਾ ਸ਼ਿਕਵੇ
ਦਿੱਸਦੇ ਨਹੀਂ ਲੋਕ ਹੱਸਦੇ
ਤੇ ਖੇਡਦੇ
ਨਾ ਅੱਖੀਆਂ 'ਚ ਚਮਕ ਹੈ
ਨਾ ਤੋਰਾਂ 'ਚ ਮਟਕ ਹੈ
ਨਾ ਨਖ਼ਰਾ ਨਾ ਨਿਹੋਰਾ
ਨਾ ਵਿੱਕਰੀ ਨਾ ਵੱਟਕ ਹੈ
ਨਾ ਵਾਗੀ ਨਾ ਵੱਗ
ਨਾ ਪਾਣੀ ਭਰਦੀਆਂ
ਖੂਹੀ ਤੇ ਮੁਟਿਆਰਾਂ
ਨਾ ਰੁੱਖ ਹੀ ਹਰਿਆਵਲੇ
ਨਾ ਪੰਛੀ ਨਾ ਡਾਰਾਂ

-0-

ਨਾ ਚੁੱਲ੍ਹਿਆਂ ਚੋਂ ਉੱਠਦਾ
ਧੂੰਆਂ
ਨਾ ਅੰਨ ਦੀ ਮਹਿਕ ਆਉਂਦੀ
ਹੈ

ਨਾ ਇੱਥੇ ਪੈਣ ਤ੍ਰਿਕਾਲਾਂ
ਨਾ ਭੱਠਿਆਰੀ ਭੱਠੀ
ਤਪਾਉਂਦੀ ਹੈ
ਨਾ ਵੰਝਲੀ ਨਾ ਸੱਥਾਂ
ਨਾ ਘੁੱਗੀਆਂ ਗਟਾਰਾਂ
ਨਾ ਚਿੱੜੀਆਂ ਨਾ ਚੰਬਾ
ਨਾ ਕੋਈ ਚਾਪ
ਨਾ ਕੋਈ ਖੜਕਾ ਹੀ ਸੁਣਦਾ ਹੈਂ
ਪਿੰਡ ਚੁੱਪ ਤੇ ਉਦਾਸੀ ਦਾ
ਬਸ ਸਾਉਣ ਵਰ੍ਹਦਾ ਹੈ
ਵੀਰਾਨੀ 'ਚ
ਸਾਰਾ ਪਿੰਡ ਤਰਦਾ ਹੈ
ਉਜਾੜਾਂ ਪੱਤਝੜਾਂ ਦੇ
ਸਾਹ ਭਰਦਾ ਹੈ

-0-

ਲੱਗਦਾ ਹੈ
ਪਿੰਡ ਦਿਆਂ ਲੋਕਾਂ ਚੋਂ
ਜੀਵਨ ਨੁਚੜ ਗਿਆ ਹੈ
ਪਿੰਡ ਦਾ ਵਜ਼ੂਦ ਸੁੰਘੜ
ਗਿਆ ਹੈ
ਨਾ ਅੱਖੀਆਂ 'ਚ ਅੱਥਰੂ
ਨਾ ਕੋਈ ਹਾਵ-ਭਾਵ ਚਿਹਰੇ ਤੇ
ਨਾ ਘਰਾਂ ਦੇ ਦਰ ਹੀ ਖੁੱਲ੍ਹੇ ਹਨ

ਨਾ ਕਾਂ ਬੋਲੇ ਬੰਨੇਰੇ ਤੇ
ਨਾ ਵਿਹੜਿਆਂ ਵਿਚ ਰੌਣਕਾਂ
ਨਾ ਦੀਵੇ ਡੇਰੇ ਤੇ
ਸੋਗ ਹੀ ਸੋਗ ਹਰ ਪਾਸੇ
ਨਾ ਕਤਰਾ ਹਾਸਾ ਹੈ
ਪਿੰਡ 'ਚ ਮੌਤ ਦਾ ਸਾਇਆ
ਜ਼ਿੰਦਗੀ ਦਾ ਦੂਸਰਾ ਪਾਸਾ ਹੈ

-0-

ਲੋਕਾਂ ਨੂੰ ਜ਼ਿੰਦਗੀ ਦੀ
ਸ਼ਾਇਦ ਕਦਰ ਹੀ ਨਹੀਂ
ਜ਼ਿੰਦਗੀ ਦੇ ਕੋਲ ਹੋਣ ਦਾ
ਲੋਕਾਂ ਨੂੰ ਦਰਦ ਹੀ ਨਹੀਂ
ਕਈ ਵਾਰ
ਜ਼ਿੰਦਗੀ ਦੇ ਕੋਲ ਹੋਣ ਦਾ
ਮਨੁੱਖ ਨੂੰ ਅਹਿਸਾਸ ਨਹੀਂ
ਹੁੰਦਾ
ਜ਼ਿੰਦਗੀ
ਮਨੁੱਖ ਨੂੰ ਰਾਸ ਹੁੰਦੀ ਹੈ
ਮਨੁੱਖ ਜ਼ਿੰਦਗੀ ਨੂੰ ਰਾਸ
ਨਹੀਂ ਹੁੰਦਾ

-0-

ਇਹ ਜ਼ਿੰਦਗੀ ਦੇ
ਬੇਕਦਰੇ ਲੋਕ ਹਨ
ਖੁਸ਼ੀਆਂ ਦੀ ਬੁੱਕਲ 'ਚ

ਜਿਉਂਦੇ
ਜਾਗਦੇ ਇਹ ਸੋਗ ਹਨ
ਲੱਗਦਾ ਹੈ
ਜ਼ਿੰਦਗੀ
ਇਨ੍ਹਾਂ ਨੂੰ ਛੱਡ ਗਈ ਹੈ
ਸੋਗ
ਉਜਾੜਾਂ ਚੁੱਪਾਂ ਉਦਾਸੀਆਂ
ਇਨ੍ਹਾਂ ਦੇ ਵਿਹੜੇ ਧਰ ਗਈ ਹੈ

-0-

ਕਿਉਂਕਿ
ਜ਼ਿੰਦਗੀ ਦੀ ਨਦੀ ਚੋਂ
ਇਨ੍ਹਾਂ ਨੇ ਘੁੱਟ ਭਰਿਆ ਹੀ ਨਹੀਂ
ਜ਼ਿੰਦਗੀ ਦਾ ਸੱਚ ਸਮਝਿਆ ਹੀ
ਨਹੀਂ
ਆਪਣਾ ਸੱਚ
ਜ਼ਿੰਦਗੀ ਦੀ ਤਲੀ ਤੇ ਧਰਿਆ
ਨਹੀਂ
ਜ਼ਿੰਦਗੀ ਦੇ ਜਲ ਦੀ ਪਿਆਸ
ਇਨ੍ਹਾਂ ਨੂੰ ਕਦੀ ਲੱਗੀ ਨਹੀਂ
ਜ਼ਿੰਦਗੀ ਦੀ ਜੋਤ
ਇਨ੍ਹਾਂ ਮੁਰਦਿਆਂ ਦੇ ਮੱਥੇ
ਕਦੀ ਜਗੀ ਨਹੀਂ

-0-

ਇਹ ਲੋਕ ਪੱਥਰ ਹੋਏ

ਇਕ ਦੂਜੇ ਨੂੰ
ਬਿੱਟ ਬਿੱਟ ਵੇਖਦੇ ਹਨ
ਅਪਣੇ ਹੀ ਸਿਵੇ ਸੇਕਦੇ ਹਨ
ਨਾ ਅੱਖਾਂ ਝਪਕਦੇ ਹਨ
ਨਾ ਬੋਲਦੇ ਨਾ ਹਰਕਤ
ਹੀ ਕਰਦੇ ਹਨ
ਇਹ ਜਿਉਂਦੇ ਨਹੀਂ
ਜੀਅ ਜੀਅ ਕੇ ਮਰਦੇ ਹਨ
ਚੁੱਪ ਪੀਂਦੇ ਉਦਾਸੀ ਖਾਂਦੇ
ਸੋਗ ਹੰਢਾ ਰਹੇ ਹਨ
ਜ਼ਿੰਦਗੀ ਦੀ ਹੱਥੇਲੀ ਤੇ
ਆਪਣੀਆਂ ਕਬਰਾਂ ਬਣਾ
ਰਹੇ ਹਨ
ਕਟ ਰਹੇ ਹਨ ਜ਼ਿੰਦਗੀ
ਤੇ ਖੰਡਰ ਹੁੰਦੇ ਜਾ ਰਹੇ ਹਨ

-0-

ਸੂਰਜ ਚੜ੍ਹਿਆ ਹੈ
ਕਿਰਨਾਂ ਨੇ ਪਿੰਡ ਦਾ ਵਜ਼ੂਦ
ਛੋਹਿਆ ਹੈ
ਇਹ ਪਿੰਡ ਮੋਇਆ ਹੈ
ਤੇਂ ਪਿੰਡ ਦਾ ਵੱਸਣ ਮੁਰਦਾ
ਹੋਇਆ ਹੈ
ਪਿੰਡ ਦੀ ਹਵਾ ਬੁੱਸੀ ਹੈ

ਜਲ ਗੰਧਲਾ ਹੈ ਅੱਗ ਠਰੀ
ਹੈ
ਧਰਤ ਤਿੜਕੀ ਹੈ ਅੰਬਰ
ਗੰਧਲਾ ਹੈ
ਨਾ ਸਰਘੀ ਨਾ ਦੁਪਹਿਰਾ
ਨਾ ਸ਼ਾਮ ਢਲੇ ਇੱਥੇ
ਚੁੱਪ ਤੇ ਉਦਾਸੀ ਦਾ ਸਿਵਾ
ਹਰ ਰੋਜ਼ ਬਲੇ ਇੱਥੇ

-0-

ਪਿੰਡ ਤੋਂ ਬਾਹਰ ਸ਼ਮਸ਼ਾਨ
ਹੈ
ਕਬਰਾਂ ਦਾ ਜਹਾਨ ਹੈ
ਕਈਆਂ ਕਬਰਾਂ ਚੋਂ
ਬਾਲਾਂ ਦੇ ਚਿਹਰੇ ਝਾਕਦੇ
ਹਨ
ਅੱਖਾਂ ਹੱਸਦੀਆਂ ਹਨ
ਬੁਲ੍ਹ ਮੁਸਕਰਾਉਂਦੇ ਹਨ
ਮੌਤ ਚੋਂ ਜ਼ਿੰਦਗੀ ਸੀਕਦੇ ਹਨ
ਆਪਣੀ ਜਵਾਨੀ
ਆਪਣਾ ਬੁੱਢਾਪਾ
ਆਪਣੀ ਮੌਤ ਉੱਡੀਕਦੇ ਹਨ
ਕਬਰੀਂ ਪਏ ਵੀ
ਜੀਵਨ ਆਸ ਤੇ ਜੀਅ ਰਹੇ ਹਨ
ਮੌਤ ਦੇ ਘੁੱਟ ਪੀ ਰਹੇ ਹਨ

-0-

ਕਈਆਂ ਕਬਰਾਂ ਚੋਂ
ਬਜ਼ੁਰਗਾਂ ਦਿਆਂ ਚਿਹਰਿਆਂ
ਦੀਆਂ ਝੁਰੜੀਆਂ ਦੱਸ
ਰਹੀਆਂ ਹਨ
ਮਰ ਕੇ ਵੀ ਖ਼ੁਸ਼ ਹਨ ਸ਼ਾਂਤ ਹਨ
ਕੋਈ ਫ਼ਿਕਰ ਫਾਕਾ ਨਹੀਂ
ਆਜ਼ਾਦ ਹਨ ਬੇਮੁਥਾਜ਼ ਹਨ
ਕਬਰਈ ਜੀਵਨ ਜੀਅ ਰਹੇ ਹਨ
ਸੁੱਖ ਸਕੂਨ ਦਾ ਅਰਘਾ
ਜ਼ਿੰਦਗੀ ਨੂੰ ਚੜ੍ਹਾ ਰਹੇ ਹਨ
ਕਬਰਾਂ 'ਚ ਪਏ ਵੀ
ਜਿਉਂਦਿਆਂ ਨੂੰ
ਜ਼ਿੰਦਗੀ ਦਾ ਸੱਚ ਸਮਝਾ
ਰਹੇ ਹਨ

-0-

ਕੁੱਝ ਚਿਹਰੇ ਕਬਰਾਂ 'ਚ
ਬੇਆਰਾਮ ਹਨ
ਦੁਨੀਆਂ 'ਚ
ਹੱਸ ਖੇਡ ਕੇ ਵਿਚਰਨਾ
ਚਾਹੁੰਦੇ ਹਨ
ਆਪਣੇ ਭੂਤ 'ਚ ਸੱਚ ਸੁੰਦਰਤਾ
ਸਰਬੱਤ ਦਾ ਭਲਾ ਬੀਜਣਾ
ਚਾਹੁੰਦੇ ਹਨ

ਜੀਵਨ ਦਾ ਰਸ ਪੀਣਾ
ਚਾਹੁੰਦੇ ਹਨ
ਮੁਰਦੇ ਹੋ ਕੇ ਵੀ ਜਿਉਣਾ ਚਾਹੁੰਦੇ
ਹਨ
ਜ਼ਿੰਦਗੀ ਦੀ ਜੋਤ
ਉਨ੍ਹਾਂ ਦੇ ਮਸਤਕ 'ਚ
ਇਸ ਤਰ੍ਹਾਂ ਜਗੀ
ਕਿ ਮਰ ਕੇ ਵੀ
ਜਿਉਣ ਦੀ ਖ਼ਾਇਸ਼ ਨਹੀਂ ਮਰੀ

-0-

ਇਹ ਹੈ ਤਾਂ ਸ਼ਮਸ਼ਾਨ
ਪਰ ਇਸ ਚੋਂ ਜ਼ਿੰਦਗੀ
ਬੋਲਦੀ ਹੈ
ਕਬਰਾਂ 'ਚ ਕਬਰ ਹੋਈ ਗਤੀ ਦਾ
ਭੇਦ ਖੋਲ੍ਹਦੀ ਹੈ
ਸ਼ਮਸ਼ਾਨ 'ਚ
ਜ਼ਿੰਦਗੀ ਦੀ ਇਕ ਨਦੀ
ਵਗਦੀ ਹੈ
ਜਿਸ 'ਚ
ਬੱਚਿਆਂ ਜਵਾਨਾਂ ਔਰਤਾਂ
ਮਰਦਾਂ ਤੇ ਬਜ਼ੁਰਗਾਂ ਦੇ
ਜਿਉਣ ਦੀ
ਇੱਛਾ ਤੁਰਦੀ ਹੈ

-0-

ਸ਼ਮਸ਼ਾਨ ਚੋਂ ਚੁੱਪ ਬੋਲਦੀ ਹੈ
ਉਜਾੜਾਂ ਖਿੱੜਦੀਆਂ ਹਨ
ਵੀਰਾਨੀ ਰੌਣਕਾਂ ਜਨਮਦੀ ਹੈ
ਕਬਰਾਂ ਦੀ ਆਬਾਦੀ
ਜਿਉਂਦੀ ਜਾਗਦੀ ਬਸਤੀ
ਲੱਗਦੀ ਹੈ

-0-

ਮੈਂ ਦੁਬਿਧਾ 'ਚ ਹਾਂ
ਕਿ ਮੈਂ ਪਿੰਡ 'ਚ ਰਹਾਂ
ਜਾਂ ਸ਼ਮਸ਼ਾਨ 'ਚ ਰਹਾਂ
ਪਿੰਡ ਨੂੰ ਸ਼ਮਸ਼ਾਨ
ਜਾਂ ਸ਼ਮਸ਼ਾਨ ਨੂੰ ਪਿੰਡ ਕਹਾਂ
ਜਿਉਂਦੇ ਘਰਾਂ 'ਚ
ਜਿੱਥੇ ਲੋਕ ਮੁਰਦੇ ਹਨ
ਮੋਇਆ ਘਰਾਂ 'ਚ
ਜਿੱਥੇ ਮੁਰਦੇ ਜਿਉਂਦੇ ਹਨ

-----

# ਜੜ੍ਹ

ਐ ਰੁੱਖ
ਵੱਧ ਫੁੱਲ ਆਪਣੇ
ਆਕਾਰ 'ਚ
ਸਮੇਟ ਲੈ ਸਾਰਾ ਬ੍ਰਹਿਮੰਡ
ਆਪਣੀਆਂ ਟਹਿਣੀਆਂ ਨੂੰ ਬਣਾ
ਪੰਛੀਆਂ ਦਾ ਘਰ
ਆਪਣੇ ਪੱਤਿਆਂ 'ਚ ਉੱਗਾ
ਸੂਰਜਾਂ ਦੇ ਕਾਫ਼ਲੇ
ਆਪਣੇ ਫੱਲਾਂ ਨਾਲ
ਮਿਟਾ ਭੁੱਖ ਸੰਸਾਰ ਦੀ
ਆਪਣੇ ਬੀਜ ਚੋਂ ਜੰਗਲ
ਉੱਗਾ
ਆਪਣੀ ਛਾਵੇਂ
ਸੜਦੀਆਂ ਧੁੱਪਾਂ ਸੜਦੇ
ਸਹਿਰਾ ਬਿਠਾ
ਜਿੰਨਾ ਫੈਲ ਸਕਦਾ ਹੈਂ
ਫੈਲ ਤੂੰ

-0-

ਪਰ
ਆਪਣੀਆਂ ਜੜ੍ਹਾਂ ਤੋਂ
ਨਾ ਟੁੱਟੀਂ
ਤੇਰੀ ਜੜ੍ਹ ਹੀ
ਤੇਰਾ ਆਕਾਰ ਹੈ

ਤੇਰਾ ਵਿਸਥਾਰ ਹੈ
ਤੇਰੇ ਮੌਸਮ ਤੇਰੀਆਂ ਰੁੱਤਾਂ
ਤੇਰੀ ਬਹਾਰ ਹੈ

-0-

ਜੇ ਤੂੰ
ਆਪਣੀ ਜੜ੍ਹ ਤੋਂ ਟੁੱਟ ਜਾਏਂਗਾ
ਤੇਰੀਆਂ ਟਹਿਣੀਆਂ ਪੱਤੇ
ਫੁੱਲ ਫੱਲ ਬੀਜ
ਤੇਰੇ ਤੋਂ ਟੁੱਟ ਜਾਣਗੇ
ਤੂੰ ਇਨ੍ਹਾਂ ਲਈ ਓਪਰਾ
ਇਹ ਤੇਰੇ ਲਈ
ਓਪਰੇ ਕਹਾਉਣਗੇ

-0-

ਜੜ੍ਹ ਹੈ
ਤਾਂ ਤੇਰਾ ਵਜ਼ੂਦ ਹੈ
ਤੇਰੀ ਹੋਂਦ ਹੈ
ਹੋਂਦ ਦਾ ਸੱਚ ਹੈ
ਤੇਰੀਆਂ ਟਹਿਣੀਆਂ 'ਚ
ਤੇਰਾ ਲਹੂ ਹੈ
ਪੱਤਿਆਂ ਫੁੱਲਾਂ ਫੱਲਾਂ 'ਚ
ਤੇਰਾ ਚਿਹਰਾ ਹੈ
ਤੇਰੇ ਬੀਜ 'ਚ
ਜੰਗਲੀ ਬ੍ਰਹਿਮੰਡ ਦਾ ਵਸੇਰਾ ਹੈ

-0-

ਜੇ ਤੂੰ ਜੜ੍ਹ ਤੋਂ ਟੁੱਟਿਆ
ਨਾ ਤੇਰਾ ਵਜ਼ੂਦ ਨਾ ਹੋਂਦ
ਨਾ ਸੱਚ ਰਹਿਣਾ ਹੈ
ਨਾ ਤੈਨੂੰ
ਕਿਸੇ ਨੇ ਟਹਿਣੀਆਂ ਪੱਤੇ
ਫ਼ੁੱਲ ਫੱਲ ਬੀਜ
ਨਾ ਤੈਨੂੰ
ਕਿਸੇ ਨੇ ਰੁੱਖ ਕਹਿਣਾ ਹੈ
ਤੂੰ ਆਪਣੀਆਂ
ਜੜ੍ਹਾਂ ਸਦਕਾ ਹੀ
ਜੀਵਨ ਦਾ ਪ੍ਰਾਣ ਹੈਂ
ਧੁੱਪਾਂ ਲਈ ਛਾਵਾਂ ਦਾ
ਸਾਮਾਨ ਹੈਂ
ਪਸ਼ੂ ਪਖਸ਼ੀਆਂ ਦੇ ਵਸੇਬੇ
ਦਾ ਜਹਾਨ ਹੈਂ

-0-

ਤੇਰੇ ਫੱਲ
ਮਨੁੱਖਤਾ ਦੀ ਭੁੱਖ ਮਿਟਾਉਂਦੇ
ਹਨ
ਪੱਤੇ ਸੜਦੀਆਂ ਲਾਲੜੀਆਂ
ਨੂੰ
ਛਾਵੇਂ ਬਿਠਾਉਂਦੇ ਹਨ
ਤੇਰੇ ਇਕ ਫੱਲ 'ਚ

ਸੈਂਕੜੇ ਜੰਗਲਾਂ ਦਾ ਵਸੇਰਾ ਹੈ
ਜੇ ਤੂੰ ਜੜ੍ਹ ਦਾ ਹੈਂ
ਤਾਂ ਸਾਰਾ ਸੰਸਾਰ ਤੇਰਾ ਹੈ
ਜੜ੍ਹ ਬਿਨਾਂ
ਨਾ ਜ਼ਮੀਨ ਤੇਰੀ ਹੈ
ਨਾ ਅਸਮਾਨ ਤੇਰਾ ਹੈ
ਨਾ ਤੂੰ ਰੁੱਖ ਦਾ ਸੱਚ ਹੈਂ
ਨਾ ਰੁੱਖ ਨਾਮ ਤੇਰਾ ਹੈ

-0-

ਕੁੱਝ ਲੈਣ ਲਈ
ਕੁੱਝ ਦੇਣ ਲਈ ਜ਼ਿੰਦਗੀ
ਜਿਉਂਦਾ ਹੈਂ
ਰਿਸ਼ਤੇ ਸੁੱਖ ਦੁੱਖ ਪੀੜਾਂ
ਹੰਢਾਉਂਦਾ ਹੈਂ
ਤੂੰ ਵਸਤੂ ਸੰਸਾਰ ਦੀ
ਪ੍ਰਕਿਰਤੀ ਕਹਾਉਂਦਾ ਹੈਂ

-0-

ਤੇਰਾ ਸਿਰਜਿਆ ਮਨੁੱਖ
ਜ਼ਿੰਦਗੀ ਦੇ ਸਾਗਰ 'ਚ
ਉਤਰਦਾ ਹੀ ਜਾਂਦਾ ਹੈ
ਇਹ ਸਭ ਮਾਇਆ
ਜਾਲ ਹੈ
ਜੀਵਨ ਭਰਮ ਦਾ ਕਮਾਲ
ਹੈ
ਜੀਵਨ ਦਾ ਸੱਚ ਨਹੀਂ

ਮਨੁੱਖ ਦਾ ਸੱਚ ਨਹੀਂ
ਮਨੁੱਖ ਡੁੱਬ ਰਿਹਾ ਹੈ
ਤਰਨ ਲਈ
ਮਨੁੱਖ ਜੀਅ ਰਿਹਾ ਹੈ
ਮਰਨ ਲਈ
ਇਹ ਅਜੋਕੇ
ਮਨੁੱਖ ਦਾ ਦੁਖਾਂਤ ਹੈ
ਮੁਕੱਦਰ ਹੈ ਹੋਣੀ ਹੈ
ਤਰਾਸਦੀ ਹੈ ਸਿਧਾਂਤ ਹੈ

-0-

ਕੁੱਝ ਲੋਕ ਹਨ੍ਹੇਰੇ ਤੋਂ
ਡਰ ਕੇ ਜਗਦੇ ਨੇ
ਕੁੱਝ ਲੋਕ ਹਨ੍ਹੇਰੇ ਲਈ
ਚਾਨਣ ਇਕੱਠਾ ਕਰਦੇ ਨੇ
ਜੀਵਨ 'ਚ ਪੁੰਨ ਕਮਾਉਂਦੇ ਨੇ
ਚੰਗੇ ਕਰਮ ਕਰਦੇ ਨੇ
ਇਨਸਾਨ ਨੂੰ
ਮਨੁੱਖਤਾ ਨੂੰ
ਇਕ ਨਜ਼ਰ ਨਾਲ ਵੇਖਦੇ ਨੇ
ਸੱਚ ਸੁੰਦਰਤਾ ਕਲਿਆਣ
ਜਨਮਦੇ ਨੇ ਵਿਸਥਾਰਦੇ ਨੇ

-0-

ਆਪਣੇ ਕਰਮ
ਜੀਵਨ ਕਰਮ ਭੂਮੀ 'ਚ

ਉਤਾਰਦੇ ਹਨ
ਜੀਵਨ 'ਚ
ਕੁੱਝ ਕਮਾਉਣ ਲਈ
ਜੀਵਨ 'ਚ
ਕੁੱਝ ਜਮ੍ਹਾਂ ਕਰਨ ਲਈ
ਜੀਅ ਰਹੇ ਹਨ ਮਰਨ ਲਈ
ਜਮ੍ਹਾਂ ਕਰ ਰਹੇ ਹਨ
ਜੀਵਨ ਲਈ ਨਹੀਂ
ਮੌਤ ਨੂੰ ਕੁੱਝ ਭੇਂਟ ਕਰਨ ਲਈ

-0-

ਫੁੱਲ ਪੱਤੇ ਰੁੱਖ ਮਨੁੱਖ
ਬਨਾਸਪਤੀ ਜੋ ਵਿਕਸਤ ਹੈ
ਜੋ ਵਿਕਸਤ ਹੋ ਰਹੀ ਹੈ
ਜੋ ਬੀਜ ਚੋਂ ਪੁੰਗਰ ਰਹੀ ਹੈ
ਨਿਰੰਤਰ
ਜੀਵਨ ਤੋਂ ਦੂਰ ਹੋ ਰਹੀ ਹੈ
ਮਰਨ ਲਈ ਮਜ਼ਬੂਰ ਹੋ ਰਹੀ ਹੈ

-0-

ਜੀਵਨ ਮਨੁੱਖ
ਬਨਾਸਪਤੀ ਕੋਲ
ਮੌਤ ਤੋਂ ਬਿਨਾਂ ਕੋਈ ਹੋਰ
ਰਾਹ ਨਹੀਂ
ਇਸ ਲਈ
ਮਨੁੱਖ ਜੀਵਨ ਤੇ ਬਨਾਸਪਤੀ

ਨੇ

ਆਪਣੀ ਮੌਤ ਲਈ

ਆਪਣੇ ਆਪ ਨੂੰ

ਜੀਵਨ ਦਾ ਆਦੀ ਬਣਾਇਆ ਹੈ

ਆਪਣੇ ਦੁਖਾਂਤ ਨੂੰ

ਮੌਤ ਦੇ ਸੱਚ ਨੂੰ ਅਪਣਾਇਆ ਹੈ

-0-

ਮਨੁੱਖ ਵਿਚਰ ਰਿਹਾ ਹੈ

ਕਰਮ ਕਰ ਰਿਹਾ ਹੈ

ਆਪਣੇ ਆਪ ਨੂੰ

ਜਿਉਂਦੇ ਰੱਖਣ ਲਈ

ਇਹ ਸੱਚ ਨਹੀਂ

ਸੱਚ ਹੈ

ਮਨੁੱਖ ਡੁੱਬ ਰਿਹਾ ਹੈ

ਤਰਨ ਲਈ

ਜੀਅ ਰਿਹਾ ਹੈ ਮਰਨ ਲਈ

----

## ਰੁੱਖ ਧੁੱਪ ਤੇ ਛਾਂ

ਰੁੱਖ
ਗੁਆਂਢੀ ਧੁੱਪ ਛਾਂ ਦੀ
ਪਰੀ ਦੀ ਭਾਲ 'ਚ
ਥੱਕ ਟੁੱਟ ਕੇ
ਆਪਣੇ ਹੇਠ ਆ ਕੇ ਬਹਿ
ਗਿਆ

-0-

ਪਰੀ ਦੀ ਕਲਪਣਾ 'ਚ
ਗੁਆਚਾ
ਪਰੀ ਦੀ
ਸੁੰਦਰਤਾ ਰੰਗ ਰੂਪ ਤੇ
ਜਲਵਿਆਂ ਦੀਆਂ ਬਾਤਾਂ
ਤਣੇ ਟਹਿਣੀਆਂ ਪੱਤਿਆਂ
ਫੁੱਲਾਂ ਤੇ
ਆਪਣੇ ਆਲੇ ਦੁਆਲੇ ਨੂੰ
ਸੁਣਾਉਂਦਾ

-0-

ਰੁੱਖ ਦਾ ਇਸ਼ਕ
ਰੁੱਖ ਦੇ ਅੰਦਰ ਬਾਹਰ
ਤੇ ਦੁਆਲੇ ਨਸ਼ਰ ਹੋ ਗਿਆ
ਹਰਿਆ ਭਰਿਆ ਰੁੱਖ
ਸੋਗ ਉਦਾਸੀ ਚੁੱਪ ਤੇ ਭਟਕਣਾ
ਦਾ ਹਸ਼ਰ ਹੋ ਗਿਆ

ਇਕ ਦਿਨ
ਧੁੱਪਾਂ ਛਾਵਾਂ ਦੇ ਵਜੂਦ
ਦੀ ਸੁੰਦਰ ਪਰੀ
ਰੁੱਖ ਹੇਠ ਆ ਕੇ
ਬਹਿ ਗਈ
ਰੁੱਖ ਦੀ ਸ਼ਾਂਤੀ ਸੁੱਖ ਤੇ
ਨੀਂਦਰ
ਸਭ ਚੁਰਾ ਕੇ ਲੈ ਗਈ
ਬਣ ਕੇ ਨਦੀ ਬ੍ਰਿਹਾ ਦੀ
ਰੁੱਖ ਦੀਆਂ
ਅੱਖੀਆਂ 'ਚ ਵਹਿ ਗਈ
ਦਰਦ
ਆਪਣੇ ਵਿਛੋੜੇ ਦਾ
ਰੁੱਖ ਦੇ ਦਿਲ 'ਚ ਬੀਜ ਕੇ
ਰੁੱਖ ਚੋਂ ਮੌਸਮ ਬਹਾਰਾਂ ਰੁੱਤਾਂ
ਉਠਾ ਕੇ ਲੈ ਗਈ

−0−

ਰੁੱਖ ਦਿਆਂ ਪੱਤਿਆਂ ਤੇ
ਪਲੱਤਣ ਛਾ ਗਈ
ਮੁਰਝਾਈ ਰੁੱਤ
ਟਹਿਣੀਆਂ ਦੇ ਸਾਹਾਂ 'ਚ
ਉਤਰ ਗਈ
ਛਿੱਲੜ ਨੇ ਤਣੇ ਦਾ ਪਿੰਡਾ

ਤਿਆਗਿਆ
ਜੜ੍ਹਾਂ ਨੂੰ
ਰੁੱਖ ਦਾ ਗ਼ਮ ਖਾ ਗਿਆ
ਪੈਰਾਂ ਤੋਂ ਸਿਰ ਤੱਕ
ਰੁੱਖ ਸੜਦਾ ਸੁੱਕਦਾ ਗਿਆ
ਪਰੀ ਦੇ ਵਿਛੋੜੇ 'ਚ
ਰੁੱਖ ਮਰਦਾ ਮੁਕਦਾ ਗਿਆ

-0-

ਧੁੱਪ ਛਾਂ ਦੇ ਵਜ਼ੂਦ
ਵਾਲੀ ਪਰੀ ਨੂੰ ਭਾਲਦਾ ਰੁੱਖ
ਕਦੀ ਦਰਿਆਵਾਂ
ਨਦੀਆਂ ਦੇ ਕਿਨਾਰੇ
ਕਦੀ ਪਹਾੜਾਂ ਜੰਗਲਾਂ
ਸਹਿਰਾਂ ਸਾਗਰਾਂ ਦੇ
ਕਿਨਾਰੇ
ਕਦੀ ਗਲੀਆਂ ਦੇ ਪ੍ਰਣਾਲਿਆਂ
'ਤੇ ਉੱਗਾ
ਪਰੀ ਦੀ ਭਾਲ 'ਚ
ਵਿਲਕਦਾ ਤੇ ਤਰਸਦਾ
ਪਰ ਪਰੀ ਭਾਲ ਨਾ ਸਕਿਆ
ਭਾਲ ਦਾ ਸਫ਼ਰ
ਰੁੱਖ ਪੈਰ੍ਹਾਂ ਚੋਂ ਉਤਾਰ ਨਾ
ਸਕਿਆ

-0-

ਇਕ ਦਿਨ
ਰੁੱਖ ਮੋਹ ਤੇ ਉਦਾਸੀ 'ਚ
ਡੁੱਬਾ
ਆਪਣੇ ਹੀ ਗਲ ਲਗ
ਰੋ ਪਿਆ
ਆਪਣਾ ਸਭ ਕੁਝ ਸਮੇਟ ਕੇ
ਆਪਣੇ ਅੰਦਰ
ਵੜ ਕੇ ਬਹਿ ਗਿਆ
ਜਦ ਪਰੀ ਨੇ
ਰੁੱਖ ਨੂੰ ਅੰਦਰੋਂ ਪੁਕਾਰਿਆ
ਰੁੱਖ ਹੱਕਾ ਬੱਕਾ ਹੋ ਕੇ
ਰਹਿ ਗਿਆ

-0-

ਪਰੀ ਬੋਲੀ
ਰੁੱਖ ਤੇਰੇ ਅੰਦਰ ਦੀ ਛਾਂ
ਹੋਰ ਵੀ ਸੰਘਣੀ ਹੈ
ਧੁੱਪ ਹੋਰ ਵੀ ਗੋਰੀ ਤੇ
ਗਾੜ੍ਹੀ ਹੈ
ਆਪਣੀ ਸੁੰਦਰਤਾ ਵੇਖਣ
ਲਈ
ਮੈਂ ਤੇਰੇ ਅੰਦਰਲੇ ਦਰਪਣ ਚੋਂ
ਆਪਣੀ ਸੂਰਤ ਨਿਹਾਰੀ ਹੈ

-0-

ਤੇਰੇ ਅੰਦਰਲੇ ਦਰਪਣ ਤੇ

ਤਾਂ ਧੁੱਪ ਨਾਲੋਂ ਵੀ
ਸੰਘਣਾ ਹਨ੍ਹੇਰਾ ਹੈ
ਅੰਨ੍ਹਾ ਖੂਹ ਹੈ ਹਨ੍ਹੇਰੇ ਦਾ
ਇਹ ਜੋ ਜਿਸਮ ਤੇਰਾ ਹੈ
ਜਿਸ ਚੋਂ
ਬਾਹਰ ਨਿਕਲਣ ਦਾ ਨਾ
ਵਸ ਮੇਰਾ ਹੈ
ਤੂੰ ਆਪਣੇ ਮਸਤਕ ਦਾ
ਦੀਵਾ ਜਗਾ
ਦੇਹ ਚੋਂ ਹਨ੍ਹੇਰਾ ਉਠਾ
ਤੇ ਬਾਹਰ ਨਿਕਲਣ ਦਾ
ਮੈਨੂੰ ਰਾਹ ਵਿਖਾ

-0-

ਰੁੱਖ ਨੇ
ਆਪਣੇ ਮਸਤਕ ਦਾ
ਦੀਵਾ ਜਗਾ ਲਿਆ
ਪਰੀ ਨੇ ਅੰਦਰੋਂ ਉੱਠ ਕੇ
ਰੁੱਖ ਦੇ ਪੈਰਾਂ 'ਚ
ਆਪਾ ਵਿੱਛਾ ਲਿਆ
ਚਾਨਣ 'ਚ
ਚਾਨਣ ਹੋਏ ਰੁੱਖ ਨੇ
ਪੈਰਾਂ 'ਚ ਵਿੱਛੀ ਪਰੀ ਦਾ
ਦੀਦਾਰ ਪਾ ਲਿਆ

-0-

ਰੁੱਖ ਬੋਲਿਆ
ਮੈਂ ਤੈਨੂੰ ਅੰਦਰੋਂ ਤੇ ਬਾਹਰੋਂ
ਭਾਲਿਆ ਸੀ
ਪਹਿਲਾਂ ਤਾਂ ਤੂੰ ਕਿਧਰੇ ਵੀ
ਨਜ਼ਰ ਨਹੀਂ ਆਈ
ਪਰੀ ਬੋਲੀ
ਪਹਿਲਾਂ ਬੇਗਾਨੀਆਂ ਅੱਖਾਂ
ਤੇ ਬੇਗਾਨੇ ਚਾਨਣ 'ਚ
ਭਾਲਦਾ ਸੈਂ ਤੂੰ
ਉਧਾਰੀਆਂ ਅੱਖਾਂ ਤੇ
ਉਧਾਰੇ ਚਾਨਣ 'ਚ
ਆਪਣੇ ਆਪ ਨੂੰ
ਮੇਰਾ ਸੱਚ ਵਿਖਾਉਂਦਾ ਸੈਂ ਤੂੰ
ਜੋ ਕਦੀ ਵੀ
ਨਜ਼ਰ ਨਹੀਂ ਆਉਂਦਾ

-0-

ਹੁਣ ਤੂੰ
ਮਸਤਕ 'ਚ ਆਪਣਾ ਦੀਵਾ
ਜਗਾਇਆ ਹੈ
ਆਪਣੀਆਂ ਅੱਖਾਂ ਨਾਲ
ਧੁੱਪ ਛਾਂ ਦੀ ਪਰੀ ਦਾ
ਦੀਦਾਰ ਪਾਇਆ ਹੈ

-0-

ਉਸ ਦਿਨ ਤੋਂ
ਰੁੱਖ ਨੇ ਆਪਣੀਆਂ ਜੜ੍ਹਾਂ
ਅਸਮਾਨ 'ਚ
ਉੱਗਾ ਲਈਆਂ
ਤੇ ਆਪਣਾ ਸਿਰ
ਧੁੱਪ ਛਾਂ ਦੀ ਪਰੀ ਦੇ
ਪੈਰਾਂ 'ਚ ਧਰ ਦਿੱਤਾ
ਰੁੱਖ ਬੋਲਿਆ
ਮੇਰੇ ਅੰਦਰ ਉਤਰਦਿਆਂ
ਤੇ ਬਾਹਰ ਨਿਕਲਦਿਆਂ
ਮੇਰੇ ਮਸਤਕ ਦਾ ਚਾਨਣ
ਤੇਰੇ ਪੈਰਾਂ 'ਚ ਰਹੇ
ਤੇ ਮੇਰੀ ਨਜ਼ਰ ਤੈਨੂੰ
ਮੇਰੇ ਆਪਣੇ ਚਾਨਣ 'ਚ
ਤੱਕਦੀ ਰਹੇ

-0-

ਪਰੀ ਬੋਲੀ
ਬਾਹਰ ਕੁੱਝ ਵੀ ਨਹੀਂ
ਜੋ ਕੁੱਝ ਵੀ ਹੈ ਧੁੱਪ ਜਾਂ ਛਾਂ
ਸਭ ਤੇਰੇ ਅੰਦਰ ਹੈ
ਤੇਰਾ ਅੰਦਰ ਹੀ
ਧੁੱਪ ਛਾਂ ਦਾ ਮੰਦਰ ਹੈ
ਤੂੰ ਸਿਰ ਤੇ ਧੁੱਪ ਉਤਾਰਦਾ ਹੈਂ

ਜਿਸਮ ਚੋਂ ਛਾਂ
ਪੈਰਾਂ 'ਚ ਖਿਲਾਰਦਾ ਹੈ
ਜੋ ਧੁੱਪ ਤੇਰੇ ਲਹੂ 'ਚ
ਉਤਰਦੀ ਹੈ
ਤੇਰੇ ਚੋਂ ਬਾਹਰ ਨਿਕਲਣ
ਤੋਂ ਪਹਿਲਾਂ
ਉਹ ਤੇਰੀ ਛਾਂ 'ਚ ਢਲਦੀ
ਹੈ
ਤੈਨੂੰ ਲੋੜ ਹੈ
ਆਪਣੀਆਂ ਅੱਖਾਂ ਨਾਲ
ਆਪਣੇ ਚਾਨਣ 'ਚ ਵੇਖਣ ਦੀ
ਤੈਨੂੰ ਆਪਣੇ ਚੋਂ ਹੀ
ਧੁੱਪ ਛਾਂ ਦੀ ਪਰੀ ਦਾ ਵਜੂਦ
ਨਜ਼ਰ ਆਏਗਾ
ਜੋ ਤੇਰੀ ਹੋਂਦ ਦਾ ਸੱਚ
ਕਹਾਏਗਾ

-0-

ਹੁਣ ਰੁੱਖ ਤੇ ਪਰੀ
ਇਕ ਸਾਹ ਜਿਉਂਦੇ ਹਨ
ਇਕ ਜੋਤ ਕਹਾਉਂਦੇ ਹਨ
ਰੁੱਖ ਨੇ ਉਧਾਰੀਆਂ ਅੱਖਾਂ
ਉਧਾਰਾ ਚਾਨਣ

ਤਿਆਗ਼ ਦਿੱਤਾ
ਹੁਣ ਜੋ ਵੀ ਵੇਖਦਾ ਹੈ
ਆਪਣੀਆਂ ਅੱਖਾਂ
ਆਪਣੇ ਚਾਨਣ ਨਾਲ
ਵੇਖਦਾ ਹੈ
ਪਰੀ ਦੇ ਵਜੂਦ ਦੀ ਧੁੱਪ ਛਾਂ
ਮਾਣਦਾ ਹੈ
ਮਸਤਕ 'ਚ
ਆਪਣੇ ਚਾਨਣ ਦਾ ਨਿੱਘ
ਸੇਕਦਾ ਹੈ

-----

## ਫ਼ਿਤਰਤ

ਉਹ
ਜਦ ਆਪਣੇ ਘਰ
ਆਇਆ
ਤਾਂ ਉਸਨੂੰ ਲੱਗਾ
ਉਹ ਗੁਆਂਢੀ ਘਰ ਦੇ
ਮਲਬੇ ਹੇਠ ਪਿਆ ਹੈ

−0−

ਉਹ ਹਮੇਸ਼ਾ ਹੀ
ਆਪਣਾ ਅੱਗਾ
ਆਪਣੀ ਪਿੱਠ 'ਚ ਲੁਕਾ ਲੈਂਦਾ
ਤੇ ਅੱਖ ਬਚਾ ਕੇ
ਕਦੀ ਗੁਆਂਢੀ ਘਰ ਦੇ
ਵਿਹੜੇ
ਕਦੀ ਛੱਤ ਕਦੀ ਘਰ ਦੀਆਂ
ਕੰਧਾਂ ਤੇ ਉੱਗ ਆਉਂਦਾ

−0−

ਪਰ ਇਹ ਸਭ ਕੁੱਝ
ਉਹ ਉਦੋਂ ਕਰਦਾ
ਜਦ ਉਸਦੇ ਘਰ ਦੀ ਫ਼ਿਤਰਤ
ਘਰ ਨਾ ਹੁੰਦੀ
ਜਾਂ
ਗੁਆਂਢੀ ਘਰ ਦਾ ਵਸਣ
ਸ਼ਹਿਰੋਂ ਬਾਹਰ ਹੁੰਦਾ

−0−

ਉਸਨੂੰ
ਆਪਣੇ ਘਰ ਦੀ ਚਾਰਦੀਵਾਰੀ
ਕੈਦ ਲੱਗਦੀ
ਗੁਆਂਢੀ ਘਰ 'ਚ
ਉਹ ਆਪਣੇ ਆਪ ਨੂੰ
ਆਜ਼ਾਦ ਤੇ ਬੋਝਹੀਣ
ਮਹਿਸੂਸ ਕਰਦਾ
ਬਾਰ ਬਾਰ
ਆਪਣੇ ਅੰਗ ਨਕਸ਼ ਤੇ
ਨੰਗੇਜ਼ ਵੇਖਦਾ

-0-

ਉਸਨੂੰ ਬੜੀ ਰਾਹਤ
ਮਹਿਸੂਸ ਹੁੰਦੀ
ਕਿਉਂਕਿ
ਉਹ ਆਪਣੇ ਘਰ ਦੀ
ਗ਼ੁਲਾਮੀ
ਤੇ ਕੈਦ ਤੋਂ ਆਜ਼ਾਦ ਹੁੰਦਾ

-0-

ਗੁਆਂਢੀ ਘਰ ਦੀ
ਆਜ਼ਾਦ ਫ਼ਿਜ਼ਾ 'ਚ
ਉਹ ਚਹਿਲ ਕਦਮੀ ਕਰਦਾ
ਗੁਆਂਢੀ ਘਰ 'ਚ
ਨਾ ਉਸਦੇ ਸਿਰ ਤੇ ਘਰ ਦਾ
ਬੋਝ ਸੀ

ਨਾ ਘਰ ਦੀ ਜ਼ਿੰਮੇਂਵਾਰੀ
ਪਰ ਉਸਦੀ ਰੂਹ
ਆਪਣੇ ਹੀ ਘਰ 'ਚ ਸਮਾਈ
ਸੀ
ਪਰ ਉਸ ਦੀ ਦੇਹ
ਘਰ ਤੋਂ ਤੰਗ ਆਈ ਸੀ

-0-

ਉਹ ਗੁਆਂਢੀ ਘਰ ਦੀ
ਫ਼ਿਤਰਤ ਨਾਲ
ਅਲਫ਼ ਨੰਗਾ ਸੌਂਦਾ
ਉਸਦਾ
ਜਿਸਮ ਹੰਢਾਉਂਦਾ
ਉਸਨੂੰ ਨਾ ਕੁੱਝ ਦੇਣ ਦਾ
ਨਾ ਕੁੱਝ ਲੈਣ ਦਾ ਫ਼ਿਕਰ ਸੀ
ਫ਼ਿਕਰ ਸੀ
ਆਪਣੀ ਆਯਾਸ਼ੀ ਤੇ
ਐਸ਼ਵਰੀਆ ਭੋਗਣ ਦਾ
ਮਾਨਣ ਦਾ

-0-

ਉਹ ਕਈ ਰਾਤਾਂ
ਗੁਆਂਢੀ ਘਰ ਦੀ ਫ਼ਿਤਰਤ
ਨਾਲ ਗੁਜ਼ਾਰਦਾ
ਤੇ ਉਸਦੀ ਪਹਿਚਾਣ
ਅਲਮਾਰੀ ਦੇ ਤਾਲੇ 'ਚ

ਬੰਦ ਕਰਕੇ
ਉਸ ਨਾਲ ਸੜਕਾਂ
ਬਾਜ਼ਾਰਾਂ ਚੌਂਕਾਂ ਚੌਰਾਹਿਆਂ
ਤੇ ਸ਼ਹਿਰ ਦੀਆਂ
ਸੈਰਗਾਹਾਂ 'ਚ
ਆਪਣਾ ਸਮਾਂ ਗੁਜ਼ਾਰਦਾ
ਤੇ ਆਪਣੀ ਫ਼ਿਤਰਤ
ਗ਼ੁਲਾਮੀ ਦਾ
ਸਿਰ ਤੋਂ ਭਾਰ ਉਤਾਰਦਾ

-0-

ਗੁਆਂਢੀ ਘਰ ਦੀ
ਫ਼ਿਤਰਤ ਲਈ
ਆਯਾਸ਼ੀ ਤੇ ਵਾਸ਼ਨਾ
ਪੂਰਤੀ ਲਈ
ਘਰ ਤੋਂ ਵੱਧ ਹੋਰ ਕੋਈ
ਸੁਰੱਖਸ਼ਤ ਥਾਂ ਨਹੀਂ ਸੀ
ਇਸ ਲਈ
ਉਹ ਆਪਣਾ ਘਰ ਛੱਡ ਕੇ
ਕਿਤੇ ਹੋਰ ਨਾ ਜਾਂਦੀ
ਸਗੋਂ ਆਪਣੀ
ਵਾਸ਼ਨਾ ਪੂਰਤੀ ਲਈ
ਗੁਆਂਢੀ ਘਰ ਦਾ ਵਸਣ
ਆਪਣੇ ਘਰ ਬੁਲਾ ਲੈਂਦੀ

ਵਸਣ ਦਾ ਲਹੂ ਚੱਟਦੀ
ਆਪਣੀ ਵਾਸ਼ਨਾ ਦੀ ਅੱਗ
ਬੁਝਾਉਂਦੀ
ਤੇ ਰੂਹ ਦੀ ਸ਼ਾਂਤੀ ਪਾਉਂਦੀ

-0-

ਗੁਆਂਢੀ ਘਰ ਦੀ
ਫ਼ਿਤਰਤ ਨੇ
ਇਸ ਤਰ੍ਹਾਂ
ਕਈ ਘਰਾਂ ਦਾ ਵਸਣ ਭੋਗਿਆ
ਤੇ ਫਿਰ ਮੱਕੜੀ ਵਾਂਗ
ਉਸਨੂੰ ਨਿਗਲਦੀ
ਤੇ ਘਰ ਦੀਆਂ ਨੀਹਾਂ ਹੇਠ
ਖਾਧੇ ਪਾਨ ਵਾਂਗ ਥੁੱਕ
ਆਉਂਦੀ

-0-

ਉਸਨੇ ਵੇਖਿਆ
ਉਹ ਗੁਆਂਢੀ ਘਰ ਦੀ
ਫ਼ਿਤਰਤ ਦੇ ਮਲਬੇ ਹੇਠ
ਪਿਆ ਹੈ
ਉਸਨੂੰ ਲੱਗਿਆ
ਜਿਵੇਂ ਉਹ ਇਕ ਘਰ ਦੀ
ਕੈਦ ਚੋਂ
ਦੂਜੇ ਘਰ ਦੀ ਕੈਦ ਵਿਚ ਆ
ਗਿਆ ਹੈ

-0-

ਉਸਦੇ ਆਪਣੇ ਘਰ ਦੀ
ਫ਼ਿਤਰਤ
ਉਸਨੂੰ ਆਪਣੇ ਮੱਥੇ
ਤੇ ਸਜ਼ਾ ਕੇ ਰੱਖਦੀ
ਉਸਨੂੰ ਸਿਮਰਦੀ
ਧਿਆਉਂਦੀ
ਉਸਦੀ ਪ੍ਰਕਰਮਾਂ ਕਰਦੀ
ਉਸਨੂੰ ਪੂਜਦੀ ਤੇ
ਆਪਣਾ ਰੱਬ ਮੰਨਦੀ
ਜਿਸਨੂੰ
ਉਹ ਕੈਦ ਤੇ ਬੋਝ ਸਮਝਦਾ

–0–

ਗੁਆਂਢੀ ਘਰ ਦੀ ਫ਼ਿਤਰਤ
ਤਾਂ ਆਪਣੀ ਆਜ਼ਾਦੀ
ਗੁਆਂਢੀ ਵਸਣ ਚੋਂ ਭਾਲਦੀ
ਉਸਨੂੰ
ਆਪਣੀ ਹੱਵਸ 'ਚ ਉਤਾਰਦੀ
ਆਪਾ ਠਾਰਦੀ
ਉਸਦਾ ਲਹੂ ਉਬਾਲਦੀ
ਆਪਣੀ ਅੱਗ 'ਚ
ਉਸਦੀ ਅੱਗ ਉਤਾਰਦੀ
ਉਸਦੇ ਪਿੰਡੇ ਦਾ ਲਹੂ
ਚੱਟਦੀ

ਸੇਕ ਠਾਰਦੀ
ਜਦ ਉਹ ਠਰ ਕੇ
ਬਰਫ਼ ਦੀ ਡਲੀ ਹੋ ਜਾਂਦਾ
ਉਸਨੂੰ
ਘਰ ਦੀਆਂ ਨੀਹਾਂ ਹੇਠਾਂ
ਉਤਾਰਦੀ

-0-

ਗੁਆਂਢੀ ਫ਼ਿਤਰਤ ਦੇ
ਘਰ ਦੇ ਮਲਬੇ ਹੇਠੋਂ
ਜਦ ਉਸ ਆਪਣਾ ਆਪ
ਉਠਾਇਆ
ਤਾਂ ਮਲਬੇ ਦਾ ਵਜ਼ੂਦ
ਬੋਲਿਆ
ਸ਼ੁਕਰ ਹੈ
ਤੂੰ ਆਪਣੀ ਕੈਦ ਤੋਂ ਛੁਟਕਾਰੇ
ਲਈ
ਸਿਰਫ਼ ਆਪਣਾ ਜਿਸਮ ਹੀ
ਇਥੇ ਲਿਆਇਆ ਸੈਂ
ਆਪਣੀ ਰੂਹ ਦਾ ਸੱਚ
ਆਪਣੇ ਘਰ ਹੀ ਛੱਡ ਆਇਆ ਸੈਂ
ਗੁਆਂਢੀ ਘਰ ਦੀ ਫ਼ਿਤਰਤ 'ਚ
ਤੇਰਾ ਜਿਸਮ ਆਜ਼ਾਦ ਸੀ
ਤੇਰੇ ਆਪਣੇ ਘਰ 'ਚ
ਤੇਰੀ ਰੂਹ ਆਬਾਦ ਸੀ

----

## ਕਾਂ

ਇਕ ਕਾਂ
ਰੋਜ਼ ਬਨੇਰੇ ਤੇ ਬੋਲਦਾ ਹੈ
ਕਿਸੇ ਦੇ ਆਉਣ ਦਾ ਨਹੀਂ
ਕਿਸੇ ਦੇ ਜਾਣ ਦਾ
ਸੁਨੇਹਾ ਦਿੰਦਾ ਹੈ
ਜੋ ਇਕ ਵਾਰ ਆਉਂਦਾ ਹੈ
ਉਸ ਮਹਿਮਾਨ ਦੇ
ਆਉਣ ਦਾ ਸੁਨੇਹਾ ਦਿੰਦਾ ਹੈ

–0–

ਮੈਂ ਆਪਣੇ ਆਪ 'ਚ
ਗੁੱਝਿਆ
ਬੱਤੀਆਂ ਦੀ ਰੌਸ਼ਨੀ 'ਚ
ਰੁੱਝਿਆ
ਖੁੱਲ੍ਹੇ ਅੰਬਰੀਂ ਉਡਾਰੀਆਂ
ਮਾਰਦਾ ਹਾਂ
ਧਰਤੀ ਦੀ ਹਰਿਆਵਲ 'ਚ
ਵਕਤ ਗੁਜ਼ਾਰਦਾ ਹਾਂ

–0–

ਮੈਂ ਆਪਣੇ ਲਹੂ ਦਾ
ਜਦ ਮੋਹ ਤੱਕਦਾ ਹਾਂ
ਆਪਣਾ ਰਿਜ਼ਕ
ਜਦ ਆਪਣੀ ਹੀ ਮੁੱਠ 'ਚ
ਫੜਦਾ ਹਾਂ

ਮੈਂ ਆਪਣੀਆਂ ਆਂਦਰਾਂ ਦੇ
ਜਦ ਨਾਲ ਤੁਰਦਾ ਹਾਂ
ਬਨੇਰੇ ਤੇ ਬੋਲਦੇ
ਕਾਂ ਨੂੰ ਭੁੱਲ ਜਾਂਦਾ ਹਾਂ
ਤੇ
ਜ਼ਿੰਦਗੀ ਦੇ ਐਸ਼ੋਆਰਾਮ
ਅੱਯਾਸ਼ੀ ਰੌਣਕਾਂ ਤੇ ਖ਼ੁਸ਼ੀਆਂ 'ਚ
ਰੁੱਝ ਜਾਂਦਾ ਹਾਂ

-0-

ਕਾਂ ਦਾ ਸੁਨੇਹਾ ਹੈ
ਆਪਣੇ ਜਿਸਮ ਤੋਂ
ਮੋਹ ਮਾਇਆ ਤੇ ਲਾਲਚ
ਦੇ ਜ਼ਰਾਸੀਮਾਂ ਨੂੰ ਉਤਾਰਨਾ
ਦੁਨੀਆਂ ਦੀ ਭੀੜ ਚੋਂ
ਨਿਕਲਣਾ
ਤੇ ਦਿਸਹੱਦੇ ਤੋਂ ਪਾਰ ਤੱਕ
ਆਪਣੇ ਜਿਸਮ ਨੂੰ ਲੱਗੀ
ਉੱਲ੍ਹੀ ਨੂੰ ਉਤਾਰਨਾ

-0-

ਕਾਮ ਕ੍ਰੋਧ
ਮੋਹ ਲੋਭ ਹੰਕਾਰ
ਜੋ ਮੇਰੇ
ਜਮਾਂਦਰੂ ਸਾਥੀ ਹਨ
ਮੇਰੇ ਜਨਮ ਨਾਲ ਹੀ

ਇਨ੍ਹਾਂ ਦਾ ਜਨਮ
ਹੋਇਆ ਹੈ
ਇਨ੍ਹਾਂ ਦਾ ਵਜ਼ੂਦ ਮੇਰੇ
ਵਜ਼ੂਦ 'ਚ
ਮੇਰਾ ਵਜ਼ੂਦ ਇਨ੍ਹਾਂ ਦੇ
ਵਜ਼ੂਦ 'ਚ ਪਰੋਇਆ ਹੈ
ਮੈਂ
ਇਨ੍ਹਾਂ ਤੋਂ ਬਿਨਾਂ ਕਿੰਜ
ਜੀਅ ਸਕਦਾ ਹਾਂ
ਮੈਂ ਇਨ੍ਹਾਂ ਨੂੰ
ਆਪਣੇ ਜਿਸਮ ਚੋਂ ਕਿੰਜ
ਮਾਰ ਸਕਦਾ ਹਾਂ

-0-

ਉਮਰ ਤਾਂ ਗੁਜ਼ਰਦੀ ਹੈ
ਆਦਮੀ ਜਿਉਣੋਂ ਨਹੀਂ ਰੱਜਦਾ
ਰੰਗਲੀ ਦੁਨੀਆਂ ਦੀ
ਬੁੱਕਲ ਚੋਂ ਨਹੀਂ ਉੱਠਦਾ
ਦੁਨੀਆਂ ਦਾ ਮੋਹ ਨਹੀਂ ਛੱਡਦਾ
ਅਜੇ
ਮੈਂ ਆਪਣੀਆਂ ਆਂਦਰਾਂ ਦਾ
ਭਵਿੱਖ ਉਸਾਰਨਾ ਹੈ
ਉਨ੍ਹਾਂ ਦੇ ਰਹਿਣ ਬਹਿਣ
ਉੱਠਣ ਲਈ

ਧਰਤੀ ਤੇ
ਸਵਰਗ ਉਤਾਰਨਾ ਹੈ
ਅਜੇ ਤਾਂ
ਮੇਰੀ ਪਿਆਸ ਨਹੀਂ ਬੁੱਝੀ
ਅਜੇ ਤਾਂ
ਮੇਰੀ ਨਜ਼ਰ 'ਚ
ਸਾਗਰ ਲਹਿਰਾ ਰਿਹਾ ਹੈ
ਅਜੇ ਤਾਂ
ਜ਼ਿੰਦਗੀ ਜਿਉਣ ਦਾ ਲੁਤਫ਼
ਹੀ ਆਇਆ ਹੈ
ਅਜੇ ਤਾਂ
ਮੇਰੇ ਸੂਰਜਾਂ 'ਚ ਹਨ੍ਹੇਰਾ
ਸਮਾਇਆ ਹੈ

-0-

ਮੈਂ ਕਿੰਜ
ਕਿਰਨਾਂ ਅੰਦਰ ਆਉਣ ਤੋਂ
ਪਹਿਲਾਂ
ਆਪਣਾ ਦਰ ਢੋਅ ਲਵਾਂ
ਇਸ ਸੋਨੇ ਦੀ ਨਗਰੀ ਤੋਂ
ਕਿੰਜ ਮੂੰਹ ਮੋੜ ਲਵਾਂ

-0-

ਅਜੇ ਤਾਂ
ਮੈਂ ਆਪਣੇ ਕਾਰੋਬਾਰ ਦਾ
ਵਿਸਥਾਰ ਕਰਨਾ ਹੈ

ਅਜੇ ਤਾਂ
ਮੈਨੂੰ ਮੰਜ਼ਲਾਂ ਉੱਡੀਕਦੀਆਂ
ਹਨ
ਅਜੇ ਤਾਂ
ਮੈਂ ਪੈਰ ਰਾਹਾਂ ਤੇ ਧਰਨਾ ਹੈ
ਅਜੇ ਤਾਂ
ਮੈਂ ਕੱਛਣੀ ਹੈ ਧਰਤ ਸਾਰੀ
ਦੀ ਸਾਰੀ
ਅਜੇ ਤਾਂ
ਮੈਂ ਅੰਬਰ ਮੁੱਠ 'ਚ ਫੜਨਾ
ਹੈ
ਅਜੇ ਤਾਂ
ਮੈਂ ਚੰਨ ਕੱਛੇ ਮਾਰਨਾ ਹੈ
ਸੂਰਜ
ਆਪਣੇ ਮੂੰਹ 'ਚ ਉਤਾਰਨਾ ਹੈ
ਅਜੇ ਤਾਂ
ਮੈਂ ਆਪਣੀ ਬਿਰਤੀ ਦੇ
ਜੰਗਲ ਉੱਗਾਉਣੇ ਹਨ
ਪਹਾੜਾਂ ਨੂੰ
ਆਪਣਾ ਰੂਪ ਦੇਣਾ ਹੈ
ਸਮੁੰਦਰ
ਨੈਣਾਂ 'ਚ ਪਾਉਣਾ ਹੈ

-0-

ਅਜੇ ਤਾਂ
ਹਵਾ 'ਚ ਮੇਰਾ ਹਵਾ ਮਹਿਲ
ਬਣਨਾ ਹੈ
ਅਜੇ ਤਾਂ
ਪ੍ਰਕਿਰਤੀ ਦੀ ਪੋਟਲੀ ਬੰਨਣੀ ਹੈ
ਹਵਾ ਤੇ ਕਾਠੀ ਪਾਉਣੀ ਹੈ
ਅਜੇ ਤਾਂ
ਆਪਣੀਆਂ ਬੁਲੰਦੀਆਂ ਦੀ
ਕਥਾ
ਮੌਸਮਾਂ ਰੁੱਤਾਂ ਬਹਾਰਾਂ ਨੂੰ
ਸੁਨਾਉਣੀ ਹੈ

-0-

ਮੈਂ ਆਪਣੀ ਮਾਇਆ 'ਚ
ਗੁਆਚਾ
ਭੁੱਲ ਜਾਂਦਾ ਹਾਂ
ਕਿ ਕਾਂ ਬਨੇਰੇ ਤੇ ਬੋਲਦਾ ਹੈ
ਕਿਸੇ ਦੇ ਆਉਣ ਦਾ ਨਹੀਂ
ਕਿਸੇ ਦੇ ਜਾਣ ਦਾ ਸੁਨੇਹਾ
ਦਿੰਦਾ ਹੈ
ਜੋ ਇਕ ਵਾਰ ਆਉਂਦਾ ਹੈ
ਮਹਿਮਾਨ
ਉਸਦੇ ਆਉਣ ਦਾ ਸੁਨੇਹਾ
ਦਿੰਦਾ ਹੈ

-0-

ਅਜੇ ਤਾਂ
ਮੈਂ ਆਪਣਾ ਚਿਹਰਾ
ਧਰਤੀ ਦੇ ਜ਼ਰੇ ਜ਼ਰੇ ਚੋਂ
ਉੱਗਾਉਣਾ ਹੈ
ਆਪਣੀ ਦੁਨੀਆਂ
ਸਿਰਜਣੀ ਹੈ
ਆਪਣਾ ਤਖ਼ਤ ਉਸਾਰਨਾ
ਹੈ
ਜਗਤ ਨੂੰ ਜਿੱਤਣਾ ਹੈ
ਕਾਲ ਪਾਵੇ ਨਾਲ ਬੰਨ੍ਹਣਾ ਹੈ

-0-

ਅਜੇ ਤਾਂ
ਆਪਣੀ ਆਵਾਜ਼ ਹਰ
ਕੰਠ 'ਚ ਉਤਾਰਨੀ ਹੈ
ਕਿਸਮਤ ਦੀ ਕਿਸਮਤ
ਸੁਆਰਨੀ ਹੈ
ਕੁਦਰਤ
ਆਪਣੇ ਵਜ਼ੂਦ 'ਚ ਢਾਲਣੀ
ਹੈ
ਗਗਨ ਦਾ ਥਾਲ
ਆਪਣੇ 'ਚ ਉਤਾਰਨਾ ਹੈ
ਆਪਣੀ ਦੁਨੀਆਂ
ਆਪਣੀ ਸ੍ਰਿਸ਼ਟੀ ਦਾ

ਮੈਂ ਕਰਤਾ ਕਹਾਉਣਾ ਹੈ
ਅੰਬਰ ਦੇ ਤਾਰੇ ਤਾਰੇ ਚੋਂ
ਜ਼ਿਮੀਂ ਦੇ ਜ਼ਰੇ ਜ਼ਰੇ ਚੋਂ
ਮੈਂ ਨਜ਼ਰ ਆਉਣਾ ਹੈ

-0-

ਮੈਂ ਮੋਹ ਮਾਇਆ ਦੇ
ਸਾਗਰ 'ਚ
ਏਨਾ ਡੁੱਬ ਗਿਆ
ਕਿ ਬਨੇਰੇ ਤੇ ਬੋਲਦਾ
ਕਾਂ ਭੁੱਲ ਗਿਆ

-0-

ਇਕ ਕਾਂ
ਰੋਜ਼ ਬਨੇਰੇ ਤੇ ਬੋਲਦਾ ਹੈ
ਕਿਸੇ ਦੇ ਆਉਣ ਦਾ ਨਹੀਂ
ਕਿਸੇ ਦੇ ਜਾਣ ਦਾ ਸੁਨੇਹਾ
ਦਿੰਦਾ ਹੈ
ਜੋ ਇਕ ਵਾਰ ਆਉਂਦਾ ਹੈ
ਉਸ ਮਹਿਮਾਨ ਦੇ
ਆਉਣ ਦਾ ਸੁਨੇਹਾ ਦਿੰਦਾ ਹੈ

-----

## ਸੁਰੱਖ਼ਸ਼ਾ

ਮੇਰੇ ਦੁਆਲੇ
ਹਨ੍ਹੇਰਿਆਂ ਦੇ ਕਾਲੇ
ਸਾਏ ਹਨ
ਮੇਰੀ ਉਮਰ ਦੇ ਵਰ੍ਹੇ ਹੀ
ਮੇਰੀ ਮੌਤ ਦੇ ਹਮਸਾਏ ਹਨ
ਨਾ ਸਿਰ ਤੇ ਅੰਬਰ ਦੀ
ਛਾਂ ਆਪਣੀ ਹੈ
ਨਾ ਧਰਤ ਤੇ ਕੋਈ ਥਾਂ
ਆਪਣੀ ਹੈ

-0-

ਦਿਸਹੱਦਿਆਂ ਤੱਕ
ਇਕੱਲਤਾ ਹੀ ਸੋਂਹਦੀ ਹੈ
ਮੇਰੇ ਘਰ ਦੀਆਂ ਕੰਧਾਂ
ਕੰਬਦੀਆਂ ਹਨ
ਧੁੱਪਾਂ 'ਚ
ਘਰ ਦੀ ਛੱਤ ਚੋਂਦੀ ਹੈ
ਮੇਰਾ ਆਪਾ
ਭੁਰਿਆ ਭੁਰਿਆ ਹੈ
ਮੇਰਾ ਵਜ਼ੂਦ
ਖੁਰਿਆ ਖੁਰਿਆ ਹੈ

-0-

ਮੇਰੀ ਦੇਹ ਦਾ ਚਰਾਗ਼
ਹਵਾ 'ਚ ਬਲਦਾ ਹੈ
ਹਨ੍ਹੇਰੀਆਂ ਝੱਖੜਾਂ ਤੂਫ਼ਾਨਾਂ

ਨਾਲ ਲੜਦਾ ਹੈ
ਮੇਰਾ ਆਪਣਾ ਆਪ
ਸੁਰੱਖ਼ਸ਼ਤ ਨਹੀਂ
ਦੁਆਲਾ ਰੱਖਸ਼ਕ ਨਹੀਂ
ਮੈਂ
ਆਪਣੀ ਸੁਰੱਖ਼ਸ਼ਾ ਲਈ
ਦਰ-ਬ-ਦਰ ਭਟਕਿਆ ਹਾਂ
ਸਿਰ ਭਾਰ ਲਟਕਿਆਂ ਹਾਂ

-0-

ਇਸ ਭਟਕਣ ਤੇ
ਉਪਰਾਮਤਾ 'ਚ
ਉਸ ਰੁੱਖ ਹੇਠ ਆ ਬੈਠਾ ਹਾਂ
ਜਿਸ ਰੁੱਖ ਦੇ ਪੰਛੀ
ਰੁੱਖ ਦੀ ਭਾਸ਼ਾ ਬੋਲਦੇ ਹਨ
ਪੈਰਾਂ 'ਚ
ਝੂਠ ਦੀ ਧਰਤੀ
ਸਿਰ ਤੇ
ਕੁਫ਼ਰ ਦਾ ਅੰਬਰ
ਓੜਦੇ ਹਨ
ਨਿਸਚਿੰਤ ਰਾਤਾਂ ਕੱਟਦੇ
ਹਨ
ਨਿਸਚਿੰਤ ਦਿਨ ਗੁਜ਼ਾਰਦੇ
ਹਨ

-0-

ਆਪਣੇ ਰੁਜ਼ਗਾਰ ਲਈ
ਖ਼ਾਲੀ ਕੁਰਸੀਆਂ ਅੱਗੇ
ਆਪਣੀਆਂ ਪੂਛਲਾਂ
ਹਿਲਾਉਂਦੇ ਹਨ
ਅਸਲ ਦੁਨੀਆਂ 'ਚ
ਨਕਲੀ ਚਿਹਰਿਆਂ ਦੇ
ਮਖ਼ੌਟੇ ਪਹਿਨ ਰੱਖਦੇ ਹਨ
ਚਾਪਲੂਸੀ ਚੁਗਲਖੋਰੀ
ਦਗ਼ਾਬਾਜ਼ੀ
ਇਨ੍ਹਾਂ ਦੇ ਕਿਰਦਾਰੀ ਗਹਿਣੇ
ਹਨ
ਰਿਸ਼ਵਤਖੋਰੀ
ਇਨ੍ਹਾਂ ਦਾ ਆਦਰਸ਼ ਹੈ
ਏਅਰ ਕੰਡੀਸ਼ਨ ਤੇ
ਸ਼ੀਸ਼ੇ ਦੇ ਘਰਾਂ 'ਚ
ਇਨ੍ਹਾਂ ਦੀ ਬਸਰ ਹੈ

-0-

ਹਰ ਇਕ ਸਖ਼ਸ਼ ਨੇ
ਆਪਣੇ ਗਲ 'ਚ
ਸਿੱਟੀ ਹਾਲ ਦਾ ਟੋਕਨ
ਪਾਇਆ ਹੈ
ਸੱਚ ਜੜ੍ਹ ਤੋਂ ਉਖੇੜਿਆ ਹੈ
ਝੂਠ ਕਦਮ ਕਦਮ ਤੇ

ਵਿਛਾਇਆ ਹੈ

-0-

ਇਨ੍ਹਾਂ ਦੇ ਰੁੱਖ ਹੇਠਾਂ
ਅਸਮਾਨ ਛੋਂਹਦੀਆਂ
ਇਮਾਰਤਾਂ ਹਨ
ਜਿਨ੍ਹਾਂ 'ਚ
ਇਨ੍ਹਾਂ ਜਿਹੇ ਕਈ ਪੰਛੀਆਂ
ਦਾ ਵਸੇਰਾ ਹੈ
ਕਾਰਾਂ ਕੋਠੀਆਂ
ਬੈਂਕ ਬੁੱਕਾਂ ਦੀ
ਇਨ੍ਹਾਂ ਕੋਲ ਭਰਮਾਰ ਹੈ

-0-

ਇਸ ਦੁਨੀਆਂ 'ਚ
ਸਿਰਜਿਆ
ਇਨ੍ਹਾਂ ਆਪਣਾ ਵੱਖਰਾ
ਸੰਸਾਰ ਹੈ
ਕਲੱਬਾਂ ਸਿਨਮੇਘਰਾਂ ਤੇ
ਅੱਯਾਸ਼ਖਾਨਿਆਂ 'ਚ
ਇਹ ਰਾਤਾਂ ਗੁਜ਼ਾਰਦੇ ਹਨ
ਮਦਿਰਾ ਪੀਂਦੇ ਹਨ
ਰਾਜ ਰੰਗ ਤੇ ਨਾਚ
ਜੀਵਨ 'ਚ ਉਤਾਰਦੇ ਹਨ

-0-

ਇਨ੍ਹਾਂ ਦੇ ਬੋਟ
ਵਿਦੇਸ਼ੀ ਭਾਸ਼ਾ ਸਿੱਖਦੇ
ਹਨ
ਬੋਲਦੇ ਹਨ
ਵਿਦੇਸ਼ੀ ਸਕੂਲਾਂ 'ਚ ਪੜ੍ਹਦੇ
ਸੋਹਣਾ ਪਹਿਨਦੇ
ਮਨਮਰਜ਼ੀ ਦਾ ਖਾਂਦੇ
ਤੇ ਪੀਂਦੇ ਹਨ
ਇਨ੍ਹਾਂ ਦੇ ਮੋਮ ਦੇ ਹਾਸੇ
ਮੋਮ ਦੇ ਪਿੰਡੇ ਮੋਮ ਦੀ
ਭਾਸ਼ਾ ਹੈ
ਇਨ੍ਹਾਂ ਦੀ ਪਤਲੀ ਚਮੜੀ
ਤੇ ਰੰਗ ਗੋਰਾ ਹੈ
ਹਰ ਨਿਹਮਤ ਮੁਹੱਈਆ ਹੈ
ਨਾ ਕਿਸੇ ਚੀਜ਼ ਦਾ ਤੋੜਾ ਹੈ

-0-

ਇਨ੍ਹਾਂ ਦੀ ਸੁਰੱਖ਼ਸ਼ਾ
ਉਸ ਰੁੱਖ ਦਾ ਘੇਰਾ ਹੈ
ਜਿਸ ਰੁੱਖ ਦੀ ਛਾਂ ਹੇਠ
ਇਨ੍ਹਾਂ ਦਾ ਵਸੇਰਾ ਹੈ

-0-

ਮੈਂ
ਆਪਣੀ ਸੁਰੱਖ਼ਸ਼ਾ ਭਾਲਦਾ

ਇਨ੍ਹਾਂ
ਲੋਕਾਂ 'ਚ ਰਲ ਗਿਆ
ਨਾਲ ਹੋ ਤੁਰਿਆ
ਇਨ੍ਹਾਂ ਦਾ ਅੰਗ ਹੋ ਗਿਆ
ਇਨ੍ਹਾਂ ਦੇ ਲਹੂ 'ਚ
ਉਤਰਿਆ
ਤੇ ਦੰਗ ਹੋ ਗਿਆ
ਇਨ੍ਹਾਂ ਦਾ ਲਹੂ ਪਾਣੀ ਹੈ
ਜੀਵਨ ਨਕਲੀ ਹੈ
ਇਨ੍ਹਾਂ ਦੇ ਅੰਦਰ ਤੇ
ਦੁਆਲੇ ਹਨ੍ਹੇਰਾ ਹੈ

-0-

ਇਹ ਜਿਸ ਦੁਨੀਆਂ 'ਚ
ਰਹਿੰਦੇ ਹਨ
ਉਹਦਾ ਹੀ ਲਹੂ ਪੀਂਦੇ ਹਨ
ਮਾਸ ਖਾਂਦੇ ਹਨ
ਆਪਣੇ ਲਈ ਅਨਾਜ
ਖੇਤਾਂ 'ਚ
ਲੋਕਾਂ ਲਈ ਭੁੱਖ ਉੱਗਾਉਂਦੇ ਹਨ
ਲੁੱਟ-ਲੁੱਟ ਕੇ ਦੁਨੀਆਂ ਨੂੰ
ਆਪਣਾ ਢਿੱਡ ਭਰਦੇ ਹਨ
ਪੀ ਕੇ ਤਾਅ ਸੂਰਜ ਦਾ
ਠਰਨ ਲਈ
ਸੜਕ ਤੇ ਧਰਦੇ ਹਨ

-0-

ਇਹ ਸਮਾਜ ਦਾ ਲਹੂ
ਪੀਂਦੇ
ਕਾਲੇ ਧੰਨ ਦੇ ਪੁਜਾਰੀ ਹਨ
ਹਨ੍ਹੇਰੇ ਦੇ ਵਿਓਪਾਰੀ ਹਨ
ਇਹ ਲੁੱਟਣ ਸਮੱਗਰੀ ਦਾ
ਕਾਰੋਬਾਰ ਕਰਦੇ ਹਨ
ਇਨ੍ਹਾਂ ਦਾ ਕੁੱਝ ਵੀ
ਆਪਣਾ ਨਹੀਂ
ਨਾ ਕੋਈ ਧਰਮ ਇਨ੍ਹਾਂ
ਦਾ
ਨਾ ਕੋਈ ਈਮਾਨ ਹੈ
ਮਨੁੱਖਤਾ ਨੂੰ ਲੱਗੀ
ਸਿਓਂਕ ਹਨ
ਜ਼ਿੰਦਗੀ ਲਈ
ਤੱਪਦਿਕ ਦਾ ਰੋਗ ਹਨ

–0–

ਇਨ੍ਹਾਂ 'ਚ ਰਹਿ ਕੇ
ਮੈਂ ਆਪਣਾ ਕਿਰਦਾਰ
ਸੱਚ ਸੁ਼ੰਦਰਤਾ ਕਲਿਆਣ
ਤੇ ਆਦਮੀਅਤ ਗੁਆ
ਲਈ
" ਮਨੁੱਖਤ ਲਈ ਪਿਆਰ

ਮਨੁੱਖਤਾ ਲਈ ਕੁਰਬਾਨੀ
ਧਰਤ ਦੀ ਸੁਗੰਧ
ਅੰਬਰ ਦੀ ਪੂਜਾ ਭੁਲਾ
ਲਈ
ਇਹ ਸੱਚ ਵਿਹੂਣੇ
ਖ਼ਾਲੀ ਕਲਬੂਤ ਹਨ
ਇਹ ਲਾਲਚ ਦੇ ਪੁੱਤਲੇ
ਲਾਲਚ ਦਾ ਵਜ਼ੂਦ ਹਨ

-0-

ਇਨ੍ਹਾਂ ਚੋਂ
ਨਿਕਲਣਾ ਮੁਸ਼ਕਲ ਤਾਂ
ਹੈ
ਪਰ ਅਸੰਭਵ ਨਹੀਂ
ਮੈਂ ਆਪਣੀ ਕਮਰ ਕੱਸੀ
ਸਿਰ ਤਲੀ ਤੇ ਟਿਕਾਇਆ
ਇਨ੍ਹਾਂ ਨੂੰ ਅਲਵਿਦਾ ਕਹਿ
ਆਇਆ
ਰੁੱਖ ਹੇਠੋਂ ਉੱਠ ਆਇਆ
ਧੁੱਪਾਂ 'ਚ ਚੋਂਦੇ
ਆਪਣੇ ਛੱਪਰ 'ਚ ਆ ਗਿਆ
ਆਪਣਾ ਸੱਚ ਪਹਿਚਾਣ
ਗਿਆ
ਆਪਣੇ ਸੱਚ ਦੀ ਸੁਰੱਖ਼ਸ਼ਾ
ਪਾ ਗਿਆ

----

## ਹਸਤਨਾਪੁਰ ਦੀ ਚੁੱਪ

ਜੇ ਧਰਿਤਰਾਸ਼ਟਰ ਦੇ
ਨੈਣਾਂ ਦੀ ਜੋਤ ਹੁੰਦੀ
ਗੰਧਾਰੀ
ਆਪਣੇ ਲਈ ਹਨ੍ਹੇਰਾ ਮੁੱਲ
ਨਾ ਲੈਂਦੀ
ਪਤੀ ਦੇ ਨੈਣ ਬਣ ਜਿਉਂਦੀ
ਪਤੀ ਦੇ ਮੋਹ 'ਚ ਨਾ ਵਹਿੰਦੀ

-0-

ਆਪਣੇ
ਦੁਆਲੇ ਤੋਂ ਮੂੰਹ ਨਾ ਫੇਰਦੀ
ਆਪਣੀ ਜਗਿਆਸਾ 'ਚ
ਹਸਤਨਾਪੁਰ ਦਾ ਬਚਪਨ
ਜੁਆਨੀ ਉਤਾਰਦੀ
ਆਪਣੇ ਚਿਹਰੇ ਚੋਂ
ਹਸਤਨਾਪੁਰ ਦਾ
ਚਿਹਰਾ ਪਹਿਚਾਣਦੀ
ਹਸਤਨਾਪੁਰ 'ਚ
ਬੀਜੇ ਜਾ ਰਹੇ
ਖੰਡਰਾਂ ਦਾ ਅਹਿਸਾਸ ਹੁੰਦਾ
ਅੱਜ
ਹਿੰਦੁਸਤਾਨ ਦੀ ਵੱਖਰੀ
ਨੁਹਾਰ ਹੁੰਦੀ

ਵੱਖਰਾ ਇਤਿਹਾਸ ਹੁੰਦਾ

-0-

ਗੰਧਾਰੀ
ਆਪਣੀ ਕੁੱਖ ਲਈ
ਹੰਝੂ ਨਾ ਕੇਰਦੀ
ਆਪਣੀ ਕੁੱਖ ਦੀ ਗਾਲ
ਨਾ ਸੁਣਦੀ
ਕੌਤਰ ਸੌ ਪੁੱਤਰਾਂ ਦੇ ਸਿਵੇ
ਆਪਣੀ
ਹਿੱਕ ਤੇ ਨਾ ਬਾਲਦੀ
ਜੇ ਹਸਤਨਾਪੁਰ ਨੂੰ
ਆਪਣੇ 'ਚ ਉਤਾਰਦੀ
ਆਪਣੇ ਚੋਂ ਉਸਾਰਦੀ

-0-

ਹਸਤਨਾਪੁਰ ਦੇ
ਮੂੰਹ ਤੇ
ਕਬਰਾਂ ਦਾ ਪੋਚਾ ਨਾ
ਮਾਰਦੀ
ਪਤੀ ਦੀ ਰਾਜਨੀਤਕ
ਬ੍ਰਿਤੀ ਤੇ ਦ੍ਰਿਸ਼ਟੀ
ਸੁਆਰਦੀ
ਪੁੱਤਰ ਮੋਹ ਦਾ
ਪਤੀ ਦੀ ਬੁੱਧੀ ਤੋਂ
ਸਾਇਆ ਉਤਾਰਦੀ

-0-

ਤਾਂ ਧਰਿਤਰਾਸ਼ਟਰ
ਹਸਤਨਾਪੁਰ ਦੇ
ਹਿੱਤਾਂ ਨੂੰ ਵਿਚਾਰਦਾ
ਹਿੰਦੁਸਤਾਨ ਦੇ
ਤਖ਼ਤ ਨੂੰ ਸਤਿਕਾਰਦਾ
ਸੱਚ ਸੁੰਦਰਤਾ ਤੇ ਕਲਿਆਣ
ਬੁੱਧੀ 'ਚ ਉਤਾਰਦਾ
ਆਪਣੇ ਆਪ ਤੋਂ ਉੱਠਦਾ
ਹਸਤਨਾਪੁਰ ਦਾ ਵਰਤਮਾਨ
ਤੇ ਭਵਿੱਖ ਸੁਆਰਦਾ

-0-

ਨਾ ਬੀਜਦਾ
ਪੁੱਤਰ ਮੋਹ ਦੀ ਨਫ਼ਰਤ
ਤਖ਼ਤ 'ਤੇ
ਨਾ ਹੰਕਾਰ ਦਰਯੋਧਨ ਦਾ
ਮਹਿਲਾਂ 'ਚ ਵਿਸਥਾਰਦਾ
ਹਸਤਨਾਪੁਰ ਦੀ
ਪਰਜਾ 'ਚ ਸਾਹ ਲੈਂਦਾ
ਸਾਹਾਂ 'ਚ
ਪਰਜਾ ਉਤਾਰਦਾ
ਪੁੱਤਰ ਮੋਹ ਚੋਂ
ਬਾਹਰ ਨਿਕਲਦਾ
ਲਿਖੀ ਜਾ ਰਹੀ
ਹਸਤਨਾਪੁਰ ਦੀ ਕਿਸਮਤ

ਸੁਆਰਦਾ
ਪਰਜਾ ਦੇ ਲਹੂ 'ਚ
ਜਿਉਂਦਾ
ਪਰਜਾ ਦੀ ਆਵਾਜ਼ ਚੋਂ
ਪੁਕਾਰਦਾ

-0-

ਧਰਿਤਰਾਸ਼ਟਰ
ਆਪਣੇ ਮੋਹ ਲੋਭ ਹੰਕਾਰ
ਦਾ
ਜਿਉਂਦਾ ਜਾਗਦਾ
ਮੁਜੱਸਮਾ ਬਣਕੇ ਰਹਿ
ਗਿਆ
ਪੁੱਤਰ ਮੋਹ ਦੀ ਸੂਲ਼ੀ ਤੇ
ਜਦ ਹਸਤਨਾਪੁਰ ਚੜ੍ਹਿਆ
ਕਸ਼ਮੀਰ ਤੋਂ
ਕੰਨਿਆ ਕੁਮਾਰੀ ਤੱਕ
ਹਿੰਦੁਸਤਾਨ
ਉਬਲਿਆ ਬਲਿਆ ਤੇ
ਸੜਿਆ

-0-

ਦਰਯੋਧਨ ਦੇ ਹੰਕਾਰ ਨੂੰ
ਧਰਿਤਰਾਸ਼ਟਰ
ਸੁਣ ਸਕਦਾ ਸੀ

ਵੇਖ ਨਹੀਂ ਸੀ ਸਕਦਾ
ਜੇ ਵੇਖਦਾ
ਤਾਂ ਦਰਯੋਧਨ ਦੇ ਹੰਕਾਰ
ਦੀ ਸੀਮਾ 'ਚ ਉਤਰਦਾ
ਕਿਉਂਕਿ
ਕੰਨ ਸੁਣ ਸਕਦੇ ਹਨ
ਹੰਕਾਰ 'ਚ ਉਤਰਨ ਦਾ
ਰਾਹ ਨਹੀਂ ਹੁੰਦੇ
ਗੰਧਾਰੀ ਨੇ ਵੀ
ਆਪਣੇ ਜੀਵਨ 'ਚ
ਸੁਣਿਆ ਹੀ ਸੁਣਿਆ ਸੀ
ਵੇਖਿਆ ਨਹੀਂ ਸੀ

–0–

ਦਰੋਪਤੀ ਦਾ ਚੀਰਹਰਨ
ਸੁਣਿਆ ਤੇ ਜਾ
ਸਕਦਾ ਹੈ
ਵੇਖਿਆ ਨਹੀਂ ਜਾ ਸਕਦਾ
ਸੁਣਿਆ ਨੰਗਨ ਨਜ਼ਰ
ਨਹੀਂ ਆਉਂਦਾ
ਵੇਖੇ ਨੰਗਨ ਦੀ
ਨਮੋਸ਼ੀ ਦਾ ਅਹਿਸਾਸ
ਜਿਉਣ ਨਹੀਂ ਦਿੰਦਾ

–0–

ਅੱਖਾਂ ਸਾਵੇਂ
ਆਪਣੀ ਬਹੂ ਜਾਂ ਧੀ
ਦਾ ਚੀਰਹਰਨ
ਲਹੂ 'ਚ ਉਤਰਦਾ ਹੈ
ਨਾੜਾਂ 'ਚ ਰਿੱਝਦਾ ਹੈ
ਜ਼ਿੰਦਗੀ ਤੋਂ
ਮੌਤ ਵੱਲ ਤੁਰਦਾ ਹੈ
ਨੰਗੀ ਹੋਣ ਵਾਲੀ
ਔਰਤ ਦਾ ਅਹਿਸਾਸ
ਵੇਖਣ ਵਾਲੀ ਅੱਖ 'ਚ
ਲਹੂ ਬਣਕੇ ਉਤਰਦਾ ਹੈ

-0-

ਇਹ ਚੀਰਹਰਨ
ਮਾਂ ਪੁੱਤ ਦੇ ਭੋਗ ਬਰਾਬਰ
ਹੈ
ਭੈਣ ਭਰਾ ਦੇ ਰਿਸ਼ਤੇ ਦੀ
ਉੱਚਾਈ ਤੋਂ ਡਿੱਗਦਾ
ਵੈਸ਼ੀਆ ਦਾ ਕੋਠਾ ਹੈ
ਜਿੱਥੇ ਪਿਓ ਪੁੱਤਰ ਭਰਾ
ਇਕੋ ਔਰਤ ਦੇ ਜਿਸਮ 'ਚ
ਆਪਣਾ ਆਪਣਾ
ਕਾਮ ਹੰਢਾਉਂਦੇ ਹਨ

ਤੇ ਔਰਤ ਦੀ
ਮੋਈ ਜ਼ਮੀਰ ਦੇ ਖੂਹ 'ਚ
ਉਤਰ ਜਾਂਦੇ ਹਨ

-0-

ਧਰਿਤਰਾਸ਼ਟਰ ਨੇ
ਸੁਣਿਆ ਸੀ
ਦਰੋਪਤੀ
ਦਾਅ ਤੇ ਲੱਗੀ ਹੈ
ਜੇ ਵੇਖਦਾ ਤਾਂ ਜਾਣਦਾ
ਦਰੋਪਤੀ
ਕੋਈ ਵਸਤੂ ਨਹੀਂ
ਦਰੋਪਤੀ
ਘਰ ਦੀ ਬਹੂ ਤੋਂ ਪਹਿਲਾਂ
ਔਰਤ ਹੈ
ਜਿਸਦੀ ਕੁੱਖ ਚੋਂ
ਕੌਰਵ ਪਾਂਡਵ ਜਨਮਦੇ ਹਨ

-0-

ਜਿਸਦੀ ਕੁੱਖ ਨੇ ਦੁਨੀਆਂ
ਉਸਾਰੀ ਹੈ
ਜਿਸਦੀ ਦੇਹ ਤੋਂ
ਉਸਦੇ
ਆਪਣੇ ਬੱਚਿਆਂ ਵਸਤਰ
ਉਤਾਰੇ ਹਨ
ਨਕਸ਼ ਨਕਸ਼
ਅੰਗ ਅੰਗ ਨੰਗਾ ਕਰਕੇ

ਹਸਤਨਾਪੁਰ ਦੇ
ਦਰਬਾਰ 'ਚ ਖਲਾਰੇ ਹਨ
ਅੱਖਾਂ 'ਚ ਬੀਜੇ ਹਨ
ਸੀਨੇ 'ਚ ਉਤਾਰੇ ਹਨ

-0-

ਹਸਤਨਾਪੁਰ ਦੇ
ਤਖ਼ਤ ਤੋਂ ਨੰਗੀ ਔਰਤ ਦੀ
ਨੁਮਾਇਸ਼ ਲਾਈ ਹੈ
ਕਾਮੀ ਕੀੜਿਆਂ ਨੂੰ
ਯੋਨੀ ਦੀ
ਪ੍ਰਕਿਰਤੀ ਦੀ ਭੂਗੋਲ
ਵਿਖਾਈ ਹੈ

-0-

ਹਸਤਨਾਪੁਰ ਤੋਂ
ਕੁਰੂਕਸ਼ੇਤਰ
ਇਸ ਚੀਰਹਰਨ ਦਾ
ਕਰਜ਼ਾ ਵਸੂਲੇਗਾ
ਹਸਤਨਾਪੁਰ ਚੋਂ
ਜਨਮਿਆ ਹੈ ਕੁਰੂਕਸ਼ੇਤਰ
ਹਸਤਨਾਪੁਰ ਦੇ ਖੰਡਰਾਂ ਚੋਂ
ਇਹ ਸ਼ੋਰ ਉੱਠੇਗਾ
ਹਸਤਨਾਪੁਰ ਖ਼ੁਦ ਕਬੂਲੇਗਾ

-0-

ਧਰਿਤਰਾਸ਼ਟਰ ਨੇ

ਹਸਤਨਾਪੁਰ ਦਾ
ਸਿਰਫ਼ ਨਾਮ ਸੁਣਿਆ ਹੈ
ਨਾ ਹਸਤਨਾਪੁਰ ਵੇਖਿਆ
ਨਾ ਗੋਦੀ 'ਚ ਖਿਡਾਇਆ
ਸੀ
ਨਾ ਹਸਤਨਾਪੁਰ ਦੇ
ਅੰਗਾਂ ਨਕਸ਼ਾਂ ਨੂੰ ਨਿਹਾਰਿਆ
ਆਪਣੇ ਲੋਭ ਮੋਹ ਹੰਕਾਰ ਦਾ
ਹਨ੍ਹੇਰਾ
ਹਸਤਨਾਪੁਰ ਦੀ ਨਸ ਨਸ
'ਚ ਉਤਾਰਿਆ

-0-

ਜਿਸ ਤਖ਼ਤ ਤੇ
ਨਿਸ਼ਕਾਮਤਾ ਪਿਆਰ
ਸਾਂਝੀਵਾਲਤਾ ਤੇ ਕਲਿਆਣ
ਦਾ ਸਥਾਨ ਸੀ
ਉਸ ਤਖ਼ਤ ਤੇ
ਦਰਯੋਜਨ ਦੇ ਮੋਹ ਨੂੰ
ਬਿਠਾ ਲਿਆ
ਹਸਤਨਾਪੁਰ ਨੂੰ
ਹਸਤਨਾਪੁਰ ਦੇ ਤਖ਼ਤ ਨੇ
ਖਾ ਲਿਆ

ਹਸਤਨਾਪੁਰ ਦੀ ਧੂੰਨੀ ਚੋਂ
ਕੁਰੂਕਸ਼ੇਤਰ ਉੱਗਾ ਲਿਆ
-0-
ਹਸਤਨਾਪੁਰ ਦੀ ਆਵਾਜ਼
ਨੂੰ
ਪੁੱਤਰ ਮੋਹ ਨੇ ਦਬਾ ਲਿਆ
ਅੱਖਾਂ ਨਹੀਂ ਸਨ
ਕੰਨ ਵੀ ਹਸਤਨਾਪੁਰ ਨੂੰ
ਸੁਣਨਾ ਛਡ ਗਏ
ਹਸਤਨਾਪੁਰ ਦੇ ਚੱਪੇ
ਚੱਪੇ 'ਚ
ਕਾਲਖ਼ਾਂ ਦੇ
ਮੀਲ ਪੱਥਰ ਧਰ ਗਏ
-0-
ਗੰਧਾਰੀ
ਜਿਸਨੇ ਧਰਿਤਰਾਸ਼ਟਰ
ਦੀਆਂ ਅੱਖਾਂ ਬਣਨਾ ਸੀ
ਆਪਣੇ ਆਪ
ਤੇ
ਸੂਰਜ ਵਿਚਾਲੇ ਖਲੋ ਗਈ
ਅਖਾਂ ਤੇ
ਪੱਟੀ ਬੰਨ ਲਈ
ਉਮਰ ਲਈ ਅੰਨ੍ਹੀ ਹੋ ਗਈ

ਪਤੀਵਰਤਾ ਹੋਣ ਦਾ ਵਰ
ਗੰਧਾਰੀ ਲਈ
ਸਰਾਪ ਬਣਕੇ ਰਹਿ ਗਿਆ
ਹਸਤਨਾਪੁਰ ਢਹਿ ਗਿਆ
ਖੰਡਰ ਬਣਕੇ ਰਹਿ ਗਿਆ

−0−

ਆਪਣੇ
ਇਸ ਕਰਮ ਦਾ ਫੱਲ
ਭੋਗਿਆ
ਇਕ ਸੌ ਇਕ ਪੁੱਤਰਾਂ ਦੀ ਮਾਂ
ਜੋ ਵਗਦੀ ਨਦੀ ਸੀ ਕਦੀ
ਹਸਤਨਾਪੁਰ ਦੀ ਮੜ੍ਹੀ
ਹੋ ਗਈ

−0−

ਧਰਿਤਰਾਸ਼ਟਰ
ਪੁੱਤਰਾਂ ਦੀ ਮੌਤ ਦੇ ਵਿਯੋਗ 'ਚ
ਜ਼ਿੰਦਗੀ ਤੋਂ ਵਿਦਾ ਹੋ ਗਿਆ
ਹਸਤਨਾਪੁਰ ਦਾ
ਤਾਜ਼ ਤੇ ਤਖ਼ਤ
ਧਰਿਤਰਾਸ਼ਟਰ ਦਾ
ਸਿਵਾ ਹੋ ਗਿਆ

−0−

ਇਤਿਹਾਸ ਜਦ ਵੀ
ਧਰਿਤਰਾਸ਼ਟਰ ਨੂੰ ਪੁੱਤਰ ਮੋਹ

ਤੇ ਗੰਧਾਰੀ ਨੂੰ
ਹਨ੍ਹੇਰਾ ਮੁੱਲ ਲੈਣ ਦਾ
ਹਿਸਾਬ ਪੁੱਛੇਗਾ
ਤਾਂ ਹਸਤਨਾਪੁਰ ਦੀ
ਚੁੱਪ ਚੋਂ
ਸ਼ੋਰ ਉੱਠੇਗਾ
ਹਸਤਨਾਪੁਰ ਦਾ ਖੰਡਰ
ਬੋਲੇਗਾ

–0–

ਨਾਰੀ ਕੋਈ ਵਸਤੂ ਨਹੀਂ
ਜੋ ਜੂਏ 'ਚ ਹਾਰ ਦਿੱਤੀ ਜਾਏ
ਜਾਂ ਮਹਿਲਾਂ 'ਚ
ਕਰਕੇ ਨੰਗਿਆਂ
ਕਾਮੀ ਵਾਸ਼ਨਾ ਦੇ ਖੂਹ 'ਚ
ਉਤਾਰ ਦਿੱਤੀ ਜਾਏ
ਨਾਰੀ ਜਗਤ ਦੀ
ਜਨਮਦਾਤੀ ਹੈ
ਕੌਰਵਾਂ ਪਾਂਡਵਾਂ ਦੀ ਮਾਂ
ਔਰਤ ਹੈ
ਹਸਤਨਾਪੁਰ ਦੀ ਰੂਹ
ਔਰਤ ਹੈ

–0–

ਹਸਤਨਾਪੁਰ
ਦੀਆਂ ਅੱਖਾਂ ਪੱਥਰਾ

ਗਈਆਂ ਹਨ
ਹਸਤਨਾਪੁਰ 'ਚ ਮੌਤ
ਤੁਰਦੀ ਹੈ
ਹਸਤਨਾਪੁਰ 'ਚ
ਜ਼ਿੰਦਗੀ
ਮੌਤ ਲਈ ਤਰਸਦੀ ਹੈ
ਹਸਤ੍ਨਾਪੁਰ ਦੇ ਖੰਡਰਾਂ 'ਚ
ਹਿੰਦੁਸਤ੍ਾਨ ਸਮਾਇਆ ਹੈ
ਹਸਤਨਾਪੁਰ
ਹਿਦੁਸਤਾਨ ਦ੍ੇ ਚਿਹਰੇ ਤੇ
ਮੁੜ ਕੇ ਉੱਗ ਆ੍ਇਆ ਹੈ

----

## ਹਸਤਨਾਪੁਰ ਦਾ ਧੜ
## ਕੌਰਵਾਂ ਤੇ ਪਾਂਡਵਾਂ ਦਾ ਸਿਰ

<u>ਹਸਤਨਾਪੁਰ ਦਾ</u>
<u>ਸੁਨਹਿਰੀ ਯੁੱਗ</u>
ਮੇਰਾ ਦੁਸ਼ਮਣ ਹੀ
ਮੇਰਾ ਆਪਾ ਹੈ
ਮੇਰਾ ਮਿੱਤਰ ਹੀ
ਮੇਰਾ ਆਪਾ ਹੈ
ਮੈਂ
ਆਪਣੇ ਵਿਚਲੇ ਕੁਰੂਕਸ਼ੇਤਰ 'ਚ
ਕੌਰਵ ਵੀ ਹਾਂ ਪਾਂਡਵ ਵੀ ਹਾਂ
ਕੌਰਵਾਂ ਤੇ ਪਾਂਡਵਾਂ ਦੇ ਸਿਰਾਂ ਦਾ
ਧੜ ਹਾਂ
ਮੈਂ ਹਸਤਨਾਪੁਰ
ਕੌਰਵਾਂ ਦਾ ਸ਼ੋਰ ਹਾਂ
ਪਾਂਡਵਾਂ ਦੀ ਸੁਰ ਹਾਂ

–0–

ਮੇਰਾ ਦੁਸ਼ਮਣ ਆਪਾ
ਮੇਰੇ ਸਾਵੇਂ
ਫੌਜਾਂ ਦੇ ਲਸ਼ਕਰ ਲੈ ਕੇ
ਖੜ੍ਹਾ ਹੈ
ਘੋੜੇ ਹਾਥੀਆਂ ਤੇ ਸੈਨਿਕਾਂ
ਦੇ ਸਾਗਰ ਹਨ
ਤੀਰਾਂ ਤਲਵਾਰਾਂ ਤੇ ਢਾਲਾਂ ਦੇ
ਅੰਬਾਰ ਹਨ

ਯੋਧੇ ਰੱਥਾਂ ਤੇ ਪੈਦਲ
ਕੁਰੂਕਸ਼ੇਤਰ 'ਚ ਬੇਸ਼ੁਮਾਰ ਹਨ
ਬਿਗਲਾਂ ਤੇ ਸੰਖ਼ਾਂ ਦੀ
ਗੂੰਜ
ਅਸਮਾਨੀ ਗੂੰਜਦੀ ਹੈ
ਬਰੂਦ ਤੇ ਅੱਗਾਂ ਦੀ
ਭਰਮਾਰ ਹੈ
ਮੇਰਾ ਮਿੱਤਰ
ਦੁਸ਼ਮਣਾਂ ਦੇ ਵਿਚਕਾਰ ਹੈ

-0-

ਮੇਰਾ ਆਪਾ
ਕੌਰਵਾਂ ਤੇ ਪਾਂਡਵਾਂ ਦੀ ਦੇਹ
ਹਸਤਨਾਪੁਰ ਹੈ
ਜਿਸ 'ਚ
ਸੋਨੇ ਦੀਆਂ ਨਦੀਆਂ
ਚਾਂਦੀ ਦੇ ਦਰਿਆ ਵਗਦੇ ਹਨ
ਤਾਂਬੇ ਦੇ ਸਮੁੰਦਰ 'ਚ
ਮੇਰੀ ਧਰਤੀ ਖੇਡਦੀ ਹੈ
ਹਿਕਮਤ ਸਮੱਗਰੀ ਦੇ
ਪਹਾੜਾਂ
ਤੇ ਚਾਨਣ ਦੇ ਰੁੱਖਾਂ 'ਚ
ਮੇਰਾ ਵਸੇਰਾ ਹੈ
ਚਾਂਦੀ ਦੀ ਧਰਤ
ਸੋਨੇ ਦਾ ਆਸਮਾਂ ਮੇਰਾ ਹੈ

-0-

ਕੁਦਰਤੀ ਸੋਮਿਆਂ

ਤੇ ਨਿਹਮਤਾਂ ਦੀ
ਮੈਂ ਬੁੱਕਲ ਮਾਰੀ ਹੈ
ਚੰਨਾਂ ਸੂਰਜਾਂ ਤਾਰਿਆਂ ਦੀ
ਲੋਅ
ਵਿਹੜੇ 'ਚ ਉਤਾਰੀ ਹੈ
ਸੁਨਹਿਰੀ ਸੁਬ੍ਹਾ
ਤੇ ਪਿੱਤਲ ਦੀ ਸ਼ਾਮ ਮੇਰੀ ਹੈ
ਚਿੱਟਾ ਦਿਨ ਤੇ
ਚਾਂਦਨੀ ਰਾਤ ਮੇਰੀ ਹੈ
ਮੇਰੇ ਤਖ਼ਤ ਤੇ
ਕਾਦਰ ਬਰਾਜਮਾਨ ਹੈ
ਮੇਰੀ ਸੋਚ 'ਚ
ਪ੍ਰਕਿਰਤੀ ਦੀ ਸੌਗਾਤ ਹੈ

-0-

ਭਾਰਤ ਵਰਸ਼ ਦਾ
ਨਕਸ਼ ਨਕਸ਼ ਅੰਗ ਅੰਗ
ਮੇਰੇ 'ਚ ਸਮਾਇਆ ਹੈ
ਮੈਂ ਭਾਰਤ ਵਰਸ਼ ਦੀ
ਗਗਨ ਦੇ ਥਾਲ 'ਚ
ਚੰਨਾਂ ਸੂਰਜਾਂ ਤਾਰਿਆਂ ਦੀ
ਸਮੱਗਰੀ ਸੰਗ
ਆਰਤੀ ਉਤਾਰਦਾ ਹਾਂ

-0-

ਹਸਤੰਨਾਪੁਰ

ਭਾਰਤ ਵਰਸ਼ ਦੀ ਉਪਮਾਂ
ਗਾਉਂਦਾ ਹੈ
ਹਸਤਨਾਪੁਰ ਸਦਕਾ
ਭਾਰਤ ਸੋਨੇ ਦੀ ਚਿੜੀ
ਕਹਾਉਂਦਾ ਹੈ
ਹਸਤਨਾਪੁਰ ਦੇ ਯੁੱਗ 'ਚ
ਮੰਦਰਾਂ 'ਚ ਰੱਬ ਵੱਸਦਾ ਹੈ
ਮਸੀਤਾਂ 'ਚ
ਅੱਲ੍ਹਾ ਦੀ ਆਵਾਜ਼ ਹੈ
ਮੈਂ ਹਸਤਨਾਪੁਰ
ਪ੍ਰਕਿਰਤੀ ਦਾ ਰੰਗ ਰੂਪ
ਤੇ ਸਾਜ਼ ਹਾਂ
ਭਾਰਤ ਵਰਸ਼
ਪੈਰਾਂ ਤੋਂ ਲੈ ਕੇ ਸਿਰ ਤਕ
ਮੇਰੀ ਸੁਰ ਹੈ ਮੇਰੀ ਆਵਾਜ਼ ਹੈ

-0-

ਮੈਂ ਮਾਲੀ ਹਾਂ ਇਸਦਾ
ਇਹ ਮੇਰਾ ਗੁਲਜ਼ਾਰ ਹੈ
ਹਸਤਨਾਪੁਰ
ਭਾਰਤ ਵਰਸ਼ ਦੀ ਗੋਦ ਹੈ
ਕੁਦਰਤ ਤੇ ਕਰਤੇ ਦਾ
ਉਤਾਰ ਹੈ
ਜਿਸਦੀ ਹਰਿਆਵਲ 'ਚ

ਸੋਨੇ ਦੇ ਪੰਛੀਆਂ ਦਾ
ਵਸੇਰਾ ਹੈ
ਜੰਗਲਾਂ ਜੂਹਾਂ ਬੇਲਿਆਂ 'ਚ
ਪਸ਼ੂਆਂ ਪੰਛੀਆਂ
ਜੀਵ ਜੰਤੂਆਂ ਦਾ ਡੇਰਾ ਹੈ
ਜਲ ਦੀ ਦੁਨੀਆਂ 'ਚ ਵਸਦਾ
ਮੇਰਾ ਚਾਰ-ਚੁਫੇਰਾ ਹੈ

-0-

ਮੇਰੇ ਅੰਦਰ ਤੇ ਬਾਹਰ
ਚਾਨਣ ਹੈ ਸ਼ਾਂਤੀ ਹੈ
ਮਸਤਕ 'ਚ
ਸੂਰਜਾਂ ਦਾ ਡੇਰਾ ਹੈ
ਮੈਂ ਪਰਜਾ ਦੀ ਅੱਖ ਦਾ
ਚਾਨਣ ਹਾਂ
ਹਾਕਮ ਦੀ ਜ਼ੁਬਾਨ ਤੇ
ਨਿਆਏਂ ਦਾ ਬੋਲ ਹਾਂ
ਪਰਜਾ 'ਚ ਹਕੂਮਤ ਹਾਂ
ਹਕੂਮਤ 'ਚ ਪਰਜਾ ਦੀ
ਸੁਰ ਹਾਂ ਸ਼ੋਰ ਹਾਂ

-0-

ਮੈਂ ਬਾਗ਼ਾਂ ਦੀ ਕੋਇਲ ਹਾਂ
ਜੰਗਲ ਦਾ ਮੋਰ ਹਾਂ
ਮੈਂ ਹਸਤਨਾਪੁਰ
ਭਾਰਤ ਵਰਸ਼ ਦੇ ਮੱਥੇ ਦਾ

ਸੂਰਜ ਚੰਨ ਤਾਰਾ ਹਾਂ
ਭਾਰਤ ਵਰਸ਼ ਦਾ ਲਹੂ ਹਾਂ
ਪਹਿਨਣ ਹਾਂ ਉਤਾਰਾ ਹਾਂ
ਮੈਂ ਹਸਤਨਾਪੁਰ ਹੀ
ਭਾਰਤ ਵਰਸ਼ ਸਾਰਾ ਹਾਂ

–0–

ਮੈਂ ਹਸਤਨਾਪੁਰ
ਮੇਰੇ ਮਿੱਤਰ
ਮੇਰੀ ਧਰਤੀ ਆਸਮਾਂ ਜਲ
ਪੌਣ ਹੈ
ਜੋ ਮੇਰਿਆਂ ਰਾਹਾਂ 'ਚ
ਸੂਰਜ ਵਾਂਗ ਵਿੱਛਦੇ ਹਨ
ਜਗਦੇ ਹਨ
ਮੇਰੀ ਸੁਰੱਖਸ਼ਾ ਲਈ
ਦੁਆਲੇ
ਆਪਾ ਓੜ ਰੱਖਦੇ ਹਨ

–0–

ਤੂਫ਼ਾਨਾਂ ਹਨ੍ਹੇਰੀਆਂ
ਝੱਖੜਾਂ ਆਫ਼ਤਾਂ
ਮੁਸੀਬਤਾਂ 'ਚ
ਮੇਰੇ ਨਾਲ ਖੜ੍ਹਦੇ ਹਨ
ਮੇਰੇ ਨਾਲ ਜਿਉਂਦੇ ਹਨ
ਮੇਰੇ ਨਾਲ ਮਰਦੇ ਹਨ
ਮੇਰੇ ਆਦਿ ਮੱਧ ਤੇ ਅੰਤ ਦੇ

ਰਖਵਾਲੇ ਹਨ
ਪਾਂਡਵ ਭੀਸ਼ਮ ਪਿਤਾਮਾ
ਦਰੋਣਾਚਾਰੀਆ ਬਿਦਰ
ਤੇ ਗੋਕਲ ਦੇ ਗੁਆਲੇ ਹਨ

-0-

ਮੇਰੇ ਮਿੱਤਰ
ਕਬਰਾਂ ਚੋਂ ਜ਼ਿੰਦਗੀ
ਸ਼ਮਸ਼ਾਨਾਂ ਚੋਂ ਗੁਲਜ਼ਾਰ
ਸਿਰਜਦੇ ਹਨ
ਚੁੱਪ ਨੂੰ ਸ਼ੋਰ ਦੀ ਭਾਸ਼ਾ
ਸ਼ੋਰ ਨੂੰ ਸੁਰ 'ਚ ਬਦਲਦੇ
ਹਨ
ਪਿਆਰ ਸਾਂਝੀਵਾਲਤਾ
ਕਲਿਆਣ ਤੇ ਏਕਤਾ ਦੇ
ਦੀਵੇ ਜਗਾਉਂਦੇ ਹਨ
ਦੁਸ਼ਮਣੀ ਚੋਂ ਦੋਸਤੀ ਉਪਜੇ
ਦੁਸ਼ਮਣ ਦੇ ਧੁਰ ਅੰਦਰ
ਤਕ ਉਤਰ ਜਾਂਦੇ ਹਨ

-0-

## ਹਸਤਨਾਪੁਰ ਦੀ ਢਹਿੰਦੀ ਕਲਾ

ਕਈ ਵਾਰ
ਦੋ ਦੇਹਾਂ
ਇਕ ਆਤਮਾ ਦਾ ਸੱਚ
ਕਬੂਲਦੀਆਂ ਹਨ

ਮਿੱਤਰਤਾ ਜਨਮਦੀਆਂ ਹਨ
ਪਾਂਡਵਾਂ ਨੇ
ਕੌਰਵਾਂ ਦੀ ਆਤਮਾ ਦਾ ਸੱਚ
ਕਬੂਲਿਆ
ਪਰ ਕੌਰਵਾਂ ਨੇ
ਪਾਂਡਵਾਂ ਦੀ ਆਤਮਾ ਦਾ ਸੱਚ
ਕਬੂਲਣ ਤੋਂ
ਇਨਕਾਰ ਕਰ ਦਿੱਤਾ
ਪਾਡਵਾਂ ਦੇ ਸੱਚ 'ਤੇ
ਝੂਠ ਦਾ ਇਲਜ਼ਾਮ ਧਰ
ਦਿੱਤਾ

–0–

ਮੈਂ ਹਸਤਨਾਪੁਰ
ਦਰੋਪਤੀ ਦਾਅ ਤੇ ਲੱਗਦੀ
ਹਰਦੀ ਤੇ
ਉਸਦਾ ਚੀਰਹਰਨ
ਆਪ ਅੱਖੀਂ ਵੇਖਿਆ ਹੈ
ਭਾਰਤ ਮਾਤਾ ਦੀ
ਪੱਤ ਲਹਿੰਦੀ
ਮੈਂ ਆਪ ਸਹਾਰੀ ਹੈ
ਆਪਣੇ ਲਹੂ 'ਚ
ਮੈਂ ਜਿਉਂਦੀ ਮੌਤ ਉਤਾਰੀ ਹੈ

–0–

ਮੈਂ ਤਾਂ ਉਸ ਦਿਨ ਤੋਂ ਹੀ

ਮਾਂ ਮੇਟਰ ਤੇ ਵਸਤਰਹੀਣ
ਹੋ ਗਿਆ
ਜਿਸ ਦਿਨ ਮੇਰੀ ਮਾਂ ਨੂੰ
ਸੂਰਜਾਂ ਦੀ ਤਾਬ 'ਚ
ਦਰਯੋਧਨ ਦਾ ਅੰਨ੍ਹਾਂ
ਕਾਮ ਛੋਹ ਗਿਆ

-0-

ਪਿਓ ਵਰਗੀਆਂ
ਅਖਾਂ ਦੇ ਪਹਿਰੇ
ਭਰਾਵਾਂ ਵਰਗੀਆਂ
ਬਾਹਾਂ ਦੀ ਛਾਂ ਹੇਠਾਂ
ਆਪਣੀ ਕੁੱਖ ਚੋਂ
ਜਨਮੀ ਧੀ ਵਰਗੀ
ਨੂੰਹ ਦੇ ਵਸਤਰ ਉਤਾਰੇ
ਗਏ
ਸ਼ਰਮੋਹਜਾ ਤੇ
ਔਰਤ ਦੇ ਨੰਗੇ ਅੰਗ
ਹੱਵਸ ਤੇ ਕਾਮ ਦੇ
ਦਰਬਾਰ 'ਚ ਖਿਲਾਰੇ ਗਏ

-0-

ਧਰਿਤਰਾਸ਼ਟਰ ਦੇ
ਪੁੱਤਰ ਮੋਹ ਨੇ
ਮਾਂ ਧੀ ਤੇ ਔਰਤ ਦੀ
ਲਾਜ ਦੇ

ਆਹੂ ਲਾਹ ਦਿੱਤੇ
ਵੈਸ਼ੀਆ ਤੋਂ ਮੰਦਾ ਹਾਲ
ਔਰਤ ਦਾ
ਨੰਗਿਆਂ ਅੰਗਾਂ ਸੰਗ
ਸੱਜਿਆ ਬਾਜ਼ਾਰ ਔਰਤ ਦਾ

-0-

ਧੋਖੇ ਨਾਲ ਕੌਰਵਾਂ ਨੇ
ਪਾਂਡਵਾਂ ਦਾ
ਸਭ ਕੁੱਝ ਹਥਿਆ ਲਿਆ
ਤਖ਼ਤ ਦੇ ਵਾਰਸਾਂ
ਪਾਂਡਵਾਂ ਦੇ ਪੈਰਾਂ 'ਚ
ਬਨਵਾਸ ਦਾ ਜੰਗਲ
ਉੱਗਾ ਦਿੱਤਾ
ਮਿੱਤਰਤਾ ਦੀ ਥਾਂ
ਦੁਸ਼ਮਣੀ ਨੂੰ ਜਨਮਿਆ
ਮੈਂ ਹਸਤਨਾਪੁਰ
ਮੇਰੇ ਮਿੱਤਰ ਪਾਂਡਵਾਂ ਨੂੰ
ਮੇਰੀ ਛਾਂ ਹੇਠੋਂ ਉੱਠਾ ਦਿੱਤਾ

-0-

ਮੇਰੇ ਜਿਸਮ ਚੋਂ
ਲਹੂ ਦੀਆਂ ਨਦੀਆਂ
ਵਗਾ ਦਿੱਤੀਆਂ
ਮੇਰੀ ਗੋਦ 'ਚ ਖੇਡਦੇ
ਬਾਲਾਂ ਦੀਆਂ

ਲਾਸ਼ਾਂ ਵਿਛਾ ਦਿੱਤੀਆਂ
ਮੇਰੇ ਮੱਥੇ 'ਚ
ਕੁਰੂਕਸ਼ੇਤਰ ਧਰ ਦਿੱਤਾ
ਮੇਰੀ ਪ੍ਰਕਿਰਤੀ ਲੂਹ ਦਿੱਤੀ
ਮੇਰੀਆ ਪੌਣਾਂ ਸੁੱਕਾ
ਦਿੱਤੀਆਂ
ਮੇਰੇ ਮੂੰਹ ਤੇ ਸ਼ਮਸ਼ਾਨ
ਧਰ ਦਿੱਤਾ
ਮੇਰੀ ਦੇਹ ਨੂੰ
ਕਬਰਾਂ ਨਾਲ ਭਰ ਦਿੱਤਾ
ਮੇਰੇ ਚੋਂ ਵਸਦੀ ਰਸਦੀ
ਜ਼ਿੰਦਗੀ ਮੁੱਕਾ ਦਿੱਤੀ
ਮੌਤ
ਮੇਰੇ ਪਹਿਰੇ ਬਿਠਾ ਦਿਤੀ

-0-

ਮੇਰੀ ਦੇਹ ਚੋਂ
ਰੁੱਖਾਂ ਦੀ ਥਾਂ ਖੰਡਰ ਉੱਗ
ਆਏ
ਮੇਰੇ ਲਹੂ ਮਾਸ ਦੀ ਦੇਹ ਨੂੰ
ਮਿੱਟੀ ਨੇ ਖਾ ਲਿਆ
ਮੈਂ ਆਪਣਾ ਥੇਹ
ਆਪਣੇ ਚੋਂ ਉੱਗਾ ਲਿਆ
ਮੇਰੇ ਪੈਰਾਂ ਦੀ ਧਰਤੀ

ਤਿਲਕ ਗਈ
ਮੇਰੇ ਸਿਰ ਤੋਂ ਅੰਬਰ
ਉੱਠਾ ਲਿਆ

-0-

ਮੇਰੀ ਪ੍ਰਕਿਰਤੀ 'ਚ
ਪਤਝੜ ਉੱਗ ਆਈ
ਮੇਰੇ ਮੌਸਮਾਂ ਨੂੰ
ਅੱਗਾਂ ਨੇ ਖਾ ਲਿਆ
ਵੀਰਾਨੀ ਫੈਲ ਗਈ
ਮੇਰੇ ਅੰਦਰ ਤੇ ਬਾਹਰ ਵੀ
ਕਿਰਲੀਆਂ ਕੀੜਿਆਂ
ਮਕੌੜਿਆਂ ਕਾਢਿਆਂ ਤੇ
ਚੰਮਗਿੱਦੜਾਂ
ਮੇਰੀ ਦੇਹ ਦਾ ਘੁਰਨਾ ਬਣਾ
ਲਿਆ

-0-

ਮੇਰੇ ਖੰਡਰ ਚੋਂ
ਹੁਣ ਜਦ ਕਦੀ ਵੀ
ਹਸਤਨਾਪੁਰ ਝਾਕਦਾ ਹੈ
ਆਖਦਾ ਹੈ
ਕਿੱਥੇ ਗਏ ਤੇਰੇ ਦਰਬਾਰੀ
ਹਾਥੀ ਘੋੜੇ ਤੇ ਅਹਿਲਕਾਰ
ਤੇਰੀ ਸ਼ਾਨੋਸ਼ੌਕਤ ਰੰਗ ਰਲੀਆਂ
ਤੇਰੀ ਹਿੱਕ ਤੇ ਸ਼ਸ਼ੋਭਤ ਤਾਜ

ਤਖ਼ਤ ਤੇ ਹੁਕਮਰਾਨ
ਨਰਤਕੀਆਂ ਨਿਰਤ
ਤੇ ਸਾਜ਼ੋ ਸਾਮਾਨ

–0–

ਕਿੱਥੇ ਗਏ ਉਹ ਬੋਲ
ਜਿਨ੍ਹਾਂ ਦੀ ਆਵਾਜ਼
ਨਿਆਏਂ ਤੇ ਅਨਿਆਏਂ
ਦਾ ਸਬੱਬ ਬਣਦੀ ਸੀ
ਕਿੱਥੇ ਗਏ ਉਹ ਰਾਜ ਕੁਮਾਰ
ਚੌਦਾਂ ਯੋਜਨ ਛੱਤਰ ਸੀ
ਜਿਨ੍ਹਾਂ ਦੇ ਸਿਰਾਂ ਤੇ ਝੂਲਦਾ
ਡੁੱਬਦਾ ਨਹੀਂ ਸੀ ਸੂਰਜ
ਜਿਨ੍ਹਾਂ ਦੇ ਨੂਰ ਦਾ

–0–

ਮੈਂ
ਹਸਤਨਾਪੁਰ
ਜਿਸ ਤਾਜ ਤੇ ਤਖ਼ਤ ਦਾ
ਭਾਰ
ਆਪਣੇ
ਸਿਰ ਤੇ ਚੁੱਕਿਆ ਸੀ
ਉਸ ਤਖ਼ਤ ਦਾ ਵਾਰਿਸ
ਧਰਿਤਰਾਸ਼ਟਰ
ਕਦੀ ਵੀ
ਮੇਰੇ ਰੂ-ਬ-ਰੂਹ ਨਹੀਂ
ਹੋਇਆ

ਕਦੀ ਵੀ
ਮੇਰੇ ਅੱਥਰੂ ਨਹੀਂ ਪੂੰਝੇ
ਕਦੀ ਵੀ ਹੱਥਾਂ ਦੇ ਨਾਲ
ਮੇਰਾ ਸਿਰ ਨਹੀਂ ਛੁਹਿਆ

-0-

ਮੇਰੇ ਫੁੱਲ ਵਰਗੇ ਬਦਨ 'ਚ
ਉਸ ਪੱਥਰ ਉਗਾਏ ਹਨ
ਨਾ ਪਾਂਡਵਾਂ ਦਾ ਕੁੱਝ ਗਿਆ
ਨਾ ਕੌਰਵਾਂ ਦਾ ਕੁੱਝ ਗਿਆ
ਜਿੱਤ ਵੀ ਮੇਰੀ
ਹਾਰ ਵੀ ਮੇਰੀ
ਜਿੱਤ ਮੇਰੀ 'ਚ ਖੰਡਰ
ਉੱਗ ਆਏ ਹਨ
ਹਾਰ ਮੇਰੀ
ਮੇਰਾ ਹਸਤਨਾਪੁਰ
ਖਾ ਗਈ
ਮੈਂ ਖੰਡਰਾਂ ਦੇ ਹਿੱਸੇ ਆ
ਗਿਆ
ਹਸਤਨਾਪੁਰ
ਖੰਡਰਾਂ 'ਚ ਸਮਾ ਗਿਆ

-----

## ਘੁੱਗ ਵੱਸਦਾ ਹਸਤਨਾਪੁਰ

ਮੈਂ
ਹਸਤਨਾਪੁਰ
ਕੁਰੂਕਸ਼ੇਤਰ 'ਚ ਉਤਰਦਾ
ਹਾਂ
ਉਸਦਾ
ਰਕਬਾ ਮਾਪਦਾ ਹਾਂ
ਚਿਹਰਾ ਪਹਿਚਾਣਦਾ ਹਾਂ

--

ਉਹ ਮੈਨੂੰ
ਅੱਜ਼ਨਬੀ ਲੱਗਦਾ ਹੈ
ਨਾ ਉਹ ਮੇਰੀ ਪਹਿਚਾਣ ਹੈ
ਨਾ ਮੈਂ
ਉਸਦੀ ਸਿਆਣ ਹਾਂ
ਉਹਦੇ ਤੇ ਮੇਰੇ 'ਚ
ਪਿਠਾਂ ਦਾ ਫ਼ਾਸਲਾ ਹੈ
ਪੁੱਠੇ ਪੈਰਾਂ ਦਾ ਸਫ਼ਰ ਹੈ

-0-

ਮੈਂ ਹਸਤਨਾਪੁਰ
ਮੇਰੇ ਲਈ
ਕੁਰੂਕਸ਼ੇਤਰ ਦਾ ਜਨਮ
ਇਕ ਰਹੱਸ ਹੈ
ਕੁਰੂਕਸ਼ੇਤਰ
ਕੌਰਵਾਂ ਤੇ ਪਾਂਡਵਾਂ ਦੇ
ਪਿੰਡੇ ਚੋਂ
ਉੱਠਿਆ ਤੂਫ਼ਾਨ ਹੈ

ਜਿਸਦਾ ਬੀਜ
ਹਕੂਮਤ ਨੇ
ਮੇਰੇ 'ਚ ਬੀਜਿਆ ਤੇ
ਉੱਗਾਇਆ ਹੈ

-0-

ਮੇਰੇ ਅੰਦਰਲੀ
ਪ੍ਰਕਿਰਤੀ ਝੁਲਸੀ ਹੈ
ਸਾਗਰ ਜਲ-ਹੀਣ ਹੋ
ਗਿਆ ਹੈ
ਮੇਰੀ ਪਿੱਠ ਪਿੱਛੇ
ਮੇਰੀ ਦੁਨੀਆਂ ਤਿੜਕ
ਗਈ
ਪਿਘਲ ਗਈ
ਤਖ਼ਤ ਤੇ ਸਿੰਘਾਸਣ
ਡੋਲ੍ਹ ਗਏ
ਮੈਨੂੰ ਖ਼ਬਰ ਤੱਕ ਨਾ ਹੋਈ
ਮੇਰੇ ਅੰਦਰੋਂ ਹੀ
ਕੋਈ ਰਾਹ ਨਿਕਲਿਆ
ਤੇ
ਕੁਰੂਕਸ਼ੇਤਰ ਨੂੰ ਮਿਲ ਗਿਆ

-0-

ਮੇਰੀਆਂ ਚੁੱਪ ਨੀਹਾਂ ਤੇ
ਖੜ੍ਹਾ ਤਖ਼ਤ ਸੀ ਤਾਜ ਸੀ
ਪਰ ਮਹਿਲਾਂ 'ਚ
ਦਰਯੋਧਨ ਦੀ ਬੁਲੰਦ

ਆਵਾਜ਼ ਸੀ
ਮੇਰੇ ਤੇ ਤਾਜ ਤਖ਼ਤ 'ਚ
ਪੁੱਠਿਆਂ ਪੈਰਾਂ ਦਾ
ਲੰਮੇਰਾ ਸਫ਼ਰ ਸੀ

-0-

ਮੇਰੇ ਚਿਹਰੇ ਤੇ ਅੰਗਾਂ
ਦੇ ਦਾਗ਼ਾਂ ਨੂੰ
ਧਰਿਤਰਾਸ਼ਟਰ ਨੇ ਕਦੀ ਨਾ
ਪਹਿਚਾਣਿਆ
ਕੁਰੂਕਸ਼ੇਤਰ 'ਚ
ਮੈਂ ਖੰਡਰ ਹੋ ਜਾਵਾਂਗਾ
ਇਹ ਜਾਣ ਕੇ ਵੀ
ਅਣਗੌਲਿਆ ਹੀ ਕਰ
ਦਿਤਾ ਗਿਆ
ਮੇਰੇ ਆਗਮਨ ਲਈ
ਦਰਬਾਰ ਦਾ ਦਰ ਨਹੀਂ ਖੁੱਲ੍ਹਾ
ਮੈਨੂੰ ਕਦੀ
ਕੋਲ ਨਹੀਂ ਬਿਠਾਇਆ
ਨਾ ਗਲ ਨਾਲ ਹੀ ਲਾਇਆ

-0-

ਪੁੱਤਰ ਮੋਹ 'ਚ
ਧਰਿਤਰਾਸ਼ਟਰ ਨੇ ਮੈਨੂੰ
ਸੂਲ੍ਹੀ ਤੇ ਟੰਗਿਆ
ਦਾਅ ਤੇ ਲਾਇਆ
ਬੇਦੋਸ਼ਾ ਹਸਤਨਾਪੁਰ

ਪੁੱਤਰ ਮੋਹ 'ਚ
ਲਹੂ 'ਚ ਰੰਗਿਆ ਗਿਆ

-0-

ਦੁਸ਼ਟ ਤੇ ਮਕਾਰ
ਰਾਜਨੀਤੀ ਦੀ ਆੜ 'ਚ
ਦਰੋਪਤੀ ਦੇ ਚੀਰਹਰਨ
ਦਾ ਕਲੰਕ
ਪਾਂਡਵਾਂ ਦੀ ਹਾਰ ਤੇ
ਬਨਵਾਸ
ਦੇ ਭਾਰ ਹੇਠ ਆਇਆ
ਹਸਤਨਾਪੁਰ
ਮਿੱਧਿਆ ਗਿਆ
ਚਿੱਥਿਆ ਗਿਆ
ਮੇਰੀ ਦੇਹ 'ਚ ਖੰਡਰ ਤੇ
ਸ਼ਮਸ਼ਾਨ ਉੱਗ ਆਏ

-0-

ਮੇਰੀ ਮਸਕੀਨੀ
ਦਿਆਨਤਦਾਰੀ ਤੇ
ਵਫ਼ਾਦਾਰੀ ਨੂੰ ਹਕੂਮਤ ਨੇ
ਆਪਣੇ ਲਾਲਚ ਕ੍ਰੋਧ 'ਚ
ਉਬਾਲਿਆ
ਮੇਰੇ ਜ਼ਖ਼ਮਾਂ ਨੂੰ ਕੁਰੇਧਿਆ
ਉੱਧੇੜਿਆ
ਮੇਰੇ ਲਹੂ 'ਚ ਲ਼ਾਵਾ ਉਤਾਰਿਆ

-0-

ਆਭੇਦਾ ਕੁਰੂਕਸ਼ੇਤਰ
ਮੇਰੇ ਦੁਆਲੇ ਫੈਲਿਆ
ਮੇਰੇ ਚੋਂ
ਕੁਰੂਕਸ਼ੇਤਰ ਦੇ ਅੰਗ
ਤੇ ਨਕਸ਼ ਉੱਗ ਆਏ
ਮੇਰੀ ਬੁੱਧੀ 'ਚ ਭੁਰਿਆ
ਮੇਰੀ ਦੇਹ 'ਚ ਸਮਾਇਆ
ਹੁਣ ਨਾ ਮੇਰੇ 'ਚ
ਨਾ ਕੁਰੂਕਸ਼ੇਤਰ 'ਚ
ਕੋਈ ਵਿੱਥ ਸੀ
ਕੋਈ ਫ਼ਾਸਲਾ ਸੀ
ਪਿੱਠ ਜੋੜ ਕੇ ਬੈਠਣ ਦਾ
ਨਾ ਕੋਈ ਬਹਾਨਾ ਸੀ
ਨਾ ਆਸਰਾ ਸੀ

-0-

ਮੈਂ ਕੁਰੂਕਸ਼ੇਤਰ ਦੀ
ਰੂਪ ਰੇਖਾ
ਤੇ ਸਿਰਜਣਾ ਤੋਂ
ਅਨਜਾਣ ਸਾਂ
ਮੇਰੀ ਆਪਣੀ ਦੁਨੀਆਂ ਸੀ
ਆਪਣਾ ਜਹਾਨ ਸੀ

-0-

ਮੈਂ ਆਪਣੇ ਪਿੰਡੇ ਦੀ
ਸਰਦਲ ਤੇ ਖੜ੍ਹਾ
ਇਕ ਦਰਬਾਨ ਸਾਂ

ਆਪਣੇ ਪਿੰਡੇ 'ਚ ਝਾਕਣ ਦਾ
ਉਡੀਕਦਾ ਹੁਕਮ ਰਿਹਾ
ਇੰਤਜ਼ਾਰ 'ਚ ਖੜ੍ਹੇ ਖੜ੍ਹੇ
ਹਸਤਨਾਪੁਰ
ਕੁਰੂਕਸ਼ੇਤਰ 'ਚ ਢਲ ਗਿਆ

-0-

ਮੈਂ ਤਾਜ਼ ਤੇ ਤਖ਼ਤ ਦੀ
ਅੰਦਰੂਨੀ
ਸਿਆਸਤ ਤੋਂ ਅਨਜਾਣ
ਸਾਂ
ਮੈਂ ਆਪਣੀਆਂ
ਰਗਾਂ 'ਚ ਦੌੜਦੇ ਲਹੂ ਤੋਂ
ਨਾ ਵਾਕਿਫ਼ ਸਾਂ
ਮੈਂ
ਆਪਣੇ ਕੰਠ ਦੀ ਆਵਾਜ਼ ਤੋਂ
ਬੇਖ਼ਬਰ ਸਾਂ
ਮੇਰੀਆਂ ਅੱਖਾਂ 'ਚ
ਨ਼ਾ ਆਪਣੀ ਨੁਹਾਰ ਸੀ
ਨਾ ਅਕਸ ਸੀ
ਮੇਰਿਆਂ ਸਾਹਾਂ 'ਚ
ਮੇਰਾ ਵਾਸਾ ਨਹੀਂ ਸੀ
ਰਾਜ ਦਰਬਾਰ ਤੇ
ਹਕੂਮਤ ਦੀ ਅੱਖ ਚੋਂ
ਮੈਂ ਮਨਫ਼ੀ ਸਾਂ
ਨਾ ਮੇਰੀ ਹੋਂਦ ਸੀ ਕੋਈ

ਨਾ ਮੇਰੀ ਹਸਤੀ ਸੀ ਕੋਈ

-0-

ਮੈਂ ਛਾਵਾਂ ਵੰਡਦਾ ਰਿਹਾ
ਫੁੱਲ ਫੱਲ ਪੱਤੀਆਂ ਤੇ
ਹਰਿਆਵਲ
ਰਾਜ ਦਰਬਾਰ ਦੀ ਭੇਂਟ
ਕਰਦਾ ਰਿਹਾ
ਆਪਣੀਆਂ ਅੱਖਾਂ 'ਚ
ਅੱਥਰੂ ਬਣ ਤਰਦਾ ਰਿਹਾ
ਹਾਕਮ ਦਾ ਪਾਣੀ ਭਰਦਾ
ਰਿਹਾ

-0-

ਮੈਂ ਆਪਣੇ ਘਰ 'ਚ ਹੀ
ਅਜ਼ਨਬੀ ਸਾਂ
ਬਾਦਸ਼ਾਹ ਦੇ ਚਿਹਰੇ ਦੀ
ਖ਼ੁਸ਼ੀ ਤੇ ਰੌਣਕ
ਮੇਰੀ ਉਦਾਸੀ ਸੀ
ਰਾਜ ਦਰਬਾਰ ਨੇ
ਆਪਣੇ ਪਰਿਵਾਰ ਤੋਂ ਬਿਨਾ
ਮੇਰੇ ਬਾਰੇ
ਨਾ ਕੁੱਝ ਸੋਚਿਆ ਨਾ
ਵਿਚਾਰਿਆ
ਮੇਰਾ ਉਜਾਲਾ
ਮਹਿਲੀਂ ਕਰ ਲਿਆ
ਮੇਰੀ ਰਗ ਰਗ 'ਚ ਹਨ੍ਹੇਰਾ

ਉਤਾਰਿਆ

-0-

ਹਸਤਨਾਪੁਰ ਦੇ ਚਿਹਰੇ ਤੇ
ਫ਼ੈਲੀ
ਕੁਰੂਕਸ਼ੇਤਰ ਦੀ ਰਣਭੂਮੀ ਹੈ
ਕੁਰੁਕਸ਼ੇਤਰ ਦੇ ਚਿਹਰੇ ਤੇ
ਫ਼ੈਲਿਆ
ਹਸਤਨਾਪੁਰ ਦਾ ਖੰਡਰ ਹੈ
ਨਾ ਕ੍ਰਿਸ਼ਨ ਹੈ
ਨਾ ਗੀਤਾ ਹੈ ਨਾ ਮੰਦਰ ਹੈ
ਆਪਣੀ
ਆਪਣੀ ਇਕੱਲਤਾ ਹੈ
ਚੁੱਪ ਹੈ ਉਦਾਸੀ ਹੈ
ਦੇਹ 'ਚ ਫੈਲਿਆ
ਆਪਣਾ ਆਪਣਾ ਖੰਡਰ ਹੈ

-0-

ਵਚਿੱਤਰ ਅਨੁਭਵ ਹੈ
ਸਮੇਂ ਦੇ ਚੱਕਰ ਦਾ
ਹਸਤਨਾਪੁਰ ਦੀ ਕਿਸਮਤ
ਦਾ
ਦਰਬਾਰੇ ਇਲਾਹੀ ਦਾ
ਨਾ ਬੂਹਾ ਹੈ ਨਾ ਬਾਰੀ ਹੈ
ਨਾ ਬਾਹਰ ਹੈ ਨਾ ਅੰਦਰ ਹੈ
ਨਾ ਬੋਲ ਹੈ ਜ਼ੁਬਾਨ ਤੇ
ਨਾ ਕੰਠ 'ਚ ਕੋਈ ਸੁਰ ਹੈ

ਜ਼ਿੰਦਗੀ ਦੇ ਅੰਦਰ
ਨਾ ਜਾਣ ਦਾ ਕੋਈ ਰਸਤਾ ਹੈ
ਨਾ ਬਾਹਰ ਨਿਕਲਣ ਦੀ
ਕੋਈ ਬਣਤਰ ਹੈ

-0-

ਦਰਬਾਰ ਨੇ
ਹਸਤਨਾਪੁਰ ਤੇ ਆਪਣੇ
ਆਪ 'ਚ
ਐਸੀ ਕੰਧ ਉਸਾਰੀ ਹੈ
ਕਿ ਪਰਜਾ ਦੇ ਬੋਲਾਂ 'ਚ
ਚੁੱਪ ਉਤਾਰੀ ਹੈ
ਨਾ ਫ਼ਰਿਆਦ ਹੈ
ਨਾ ਸੁਣਾਈ ਹੈ ਕੋਈ
ਹਨ੍ਹੇਰੀ ਕਾਲੀ ਬੋਲੀ ਰਾਤ
ਹਸਤਨਾਪੁਰ ਤੇ ਪਰਜਾ 'ਚ
ਉਤਾਰੀ ਹੈ

-0-

ਮੌਤ ਦਾ ਆਭੇਦਾ ਸਾਇਆ
ਹਸਤਨਾਪੁਰ ਦੇ ਅੰਦਰ
ਬਾਹਰ ਫੈਲਿਆ ਹੈ
ਹਸਤਨਾਪੁਰ ਦੀ ਮੌਤ
ਬਣਿਆ ਹੈ
ਧਰਤ ਤੇ ਆਕਾਸ਼ ਤੱਕ
ਤਣਿਆ ਹੈ

-0-

ਪ੍ਰਕਿਰਤੀ ਪਹਾੜ ਸਾਗਰ

ਜੰਗਲ ਸਭ ਨਿਗਲਦਾ
ਜਾ ਰਿਹਾ ਹੈ
ਮਨੁੱਖ ਤੇ ਮਨੁੱਖਤਾ
ਉਸਦੇ ਮੂੰਹ ਚੋਂ
ਪੇਟ 'ਚ ਉਤਰਦੇ ਜਾ
ਰਹੇ ਹਨ
ਘੋੜੇ ਸੈਨਿਕ ਹਾਥੀ
ਉਸਦੀਆਂ ਬੁਰਕੀਆਂ ਹਨ
ਲਾਸ਼ਾਂ ਦੇ ਢੇਰ ਤੇ ਖੜ੍ਹਾ
ਨੱਕ ਤੇ ਮੂੰਹ ਚੋਂ
ਅੱਗ ਬਰਸਾ ਰਿਹਾ ਹੈ
ਧਰਤੀ ਤੇ ਉਸਦੇ ਪੈਰ ਹਨ
ਸਿਰ ਤੇ ਧੜ ਅੰਬਰ ਤਕ
ਫੈਲਦਾ ਜਾ ਰਿਹਾ ਹੈ

–0–

ਚਰਬੀ ਡੁੱਲ੍ਹਦੀ ਹੈ
ਉਸਦੀਆਂ ਵਰਾਸ਼ਾਂ ਚੋਂ
ਡਕਾਰੀ ਜਾ ਰਿਹਾ ਹੈ
ਟੁੱਕੜੀਆਂ ਸੈਨਾ ਦੀਆਂ
ਮੌਤ ਦਾ ਸ਼ਬਦ ਗੂੰਜਦਾ ਹੈ
ਉਸਦੇ ਸਵਾਸਾਂ ਚੋਂ
ਮਿੱਝ ਤੇ ਲਹੂ ਦਾ ਦਰਿਆ
ਧਰਤੀ ਤੇ ਵਗਿਆ
ਧੜਾਂ ਤੋਂ ਉੱਡ ਉੱਡ ਸਿਰਾਂ
ਹੈ ਅੰਬਰ ਢੱਕਿਆ

–0–

ਘੋੜਿਆਂ ਤੇ ਹਾਥੀਆਂ
ਦਿਆਂ ਪੈਰਾਂ ਦੀ ਧੂੜ 'ਚ
ਡੁੱਬੀਆਂ ਦਿਸ਼ਾਵਾਂ ਹਨ
ਪੁਰਜਾ ਪੁਰਜਾ ਕੱਟੇ
ਮਨੁੱਖਾਂ ਦੇ ਅੰਗ ਨੇ
ਧੜ ਨੇ ਲੱਤਾਂ ਨੇ ਬਾਹਾਂ ਨੇ
ਕੁਰੂਕਸ਼ੇਤਰ ਦੇ ਮੈਦਾਨ ਤੇ
ਲਹੂ ਦੀਆਂ ਛਾਵਾਂ ਨੇ

-0-

ਕੁਰੂਕਸ਼ੇਤਰ ਦੀ ਤਲੀ ਤੇ
ਲਹੂ ਦੇ ਰੁੱਖ ਉੱਗੇ ਹਨ
ਲਹੂ 'ਚ ਭਿੱਜੀਆਂ ਪੌਣਾਂ
ਲਹੂ ਲਿਬੜੀਆਂ
ਕਿਰਨਾਂ
ਲਹੂ 'ਚ ਲੱਥ ਪੱਥ ਹੈ
ਕੁਰੂਕਸ਼ੇਤਰ ਦੀ ਰਣਭੂਮੀ
ਲਹੂ ਦਾ ਸੂਰਜ
ਲਹੂ ਦਾ ਦਿਨ ਚੜ੍ਹਿਆ
ਹੈ
ਕਾਇਨਾਤ ਨੇ ਓੜ ਲਈ
ਹੈ
ਲਹੂ ਦੀ ਚਾਦਰ
ਅੰਬਰ ਤੋਂ ਲਹੂ ਦਾ ਮੀਂਹ
ਵਰ੍ਹਿਆ ਹੈ

-0-

ਵਿਰਾਟ ਰੂਪ ਸੀ

ਜੋ ਤਲੀ ਤੇ ਟਿਕਾ ਕੇ
ਹਸਤਨਾਪੁਰ ਤੇ ਕੁਰੂਕਸ਼ੇਤਰ
ਆਪਣੇ ਜਬਾੜ੍ਹਿਆਂ 'ਚ
ਚੱਬਾ ਰਿਹਾ ਸੀ
ਐਸੀ ਭਿਆਨਕ
ਦਿੱਖ ਸੀ ਉਸਦੀ
ਕਿ ਧਰਤੀ ਨੂੰ ਤਰੇਲੀ
ਅੰਬਰ ਨੂੰ ਪਸੀਨਾ ਆ
ਰਿਹਾ ਸੀ

–0–

ਹਸਤਨਾਪੁਰ
ਉਸ ਆਪਣੀ ਤਲੀ 'ਤੇ
ਸਸਕਾਰਿਆ
ਪਾਂਡਵਾਂ ਨੂੰ ਬਖ਼ਸ਼ਿਆ
ਕੌਰਵਾਂ ਨੂੰ ਖਾ ਲਿਆ
ਜ਼ਿੰਦਗੀ ਦੇ ਵਿਹੜੇ ਚੋਂ
ਉਸ ਪਾਪੀਆਂ ਨੂੰ
ਚੁਣ ਚੁਣ ਉੱਠਾ ਲਿਆ
ਅੱਗ ਦੇ ਦਰਿਆ
ਤੇ ਲਹੂ ਦੀਆਂ ਨਦੀਆਂ
ਧਰਤੀ ਤੇ
ਵਗਾਉਂਦਾ ਜਾ ਰਿਹਾ
ਸੀ ਉਹ
ਉਸਦੇ ਜਿਸਮ ਚੋਂ
ਮੌਤ ਦੇ ਤੂਫ਼ਾਨ ਉੱਠਦੇ

ਉਸਦੇ ਨੈਣਾਂ ਚੋਂ ਜਵਾਲਾਮੁੱਖੀਂ
ਫੁੱਟਦੇ

-0-

ਉਸਦੇ ਗਿੱਟਿਆਂ ਦੀ
ਉੱਚਾਈ ਤੇ ਹਿਮਾਲਿਆ ਸੀ
ਧਰਤੀ ਦਾ ਝੂਠ ਕਪਟ
ਧੋਖਾ ਫਰੇਬ ਲਾਲਚ
ਸਭ ਉਸ ਨੇ
ਆਪਣੇ ਪੇਟ 'ਚ ਉਤਾਰਿਆ
ਤਾਂ ਹੀ ਤਾਂ ਮਹਾਂਭਾਰਤ ਨੇ
ਉਸਨੂੰ
ਵਿਰਾਟ ਰੂਪ ਉਚਾਰਿਆ
ਕਿਸੇ ਨੇ
ਉਸਦਾ ਥਹੁ ਨਹੀਂ ਪਾਇਆ
ਅੰਤ ਨਹੀਂ ਪਾਇਆ

-0-

ਉਹ ਗੋਕਲ ਦਾ ਕਾਹਨ ਸੀ
ਗਊਆਂ ਦਾ ਰਖਵਾਲਾ ਸੀ
ਧਰਮ ਦਾ ਰਖਿਅਕ ਸੀ
ਰਿਸ਼ੀਆਂ ਮੁਨੀਆਂ ਦਾ
ਹਵਾਲਾ ਸੀ

-0-

ਮੈਂ ਹਸਤਨਾਪੁਰ
ਆਪਣੇ ਅੰਦਰ ਦਾ

ਕੁਰੂਕਸ਼ਤੇਰ ਜਨਮਿਆਂ
ਵੇਖਿਆ ਤੇ ਹੰਢਾਇਆ ਹੈ
ਮੈਂ ਕੁਰੂਕਸ਼ੇਤਰ 'ਚ
ਸਮਾਇਆ ਹਾਂ
ਮੇਰੀ ਪਿੱਠ ਤੇ ਕੁਰੂਕਸ਼ੇਤਰ
ਦਾ ਸਾਇਆ ਹੈ
ਮੈਂ ਰਾਖ਼ ਕੁਰੂਕਸ਼ੇਤਰ ਦੀ
ਗੰਗਾ 'ਚ ਪ੍ਰਵਾਹ
ਹਸਤਨਾਪੁਰ ਪਰਤ
ਆਇਆ ਹਾਂ

-0-

ਹਸਤਨਾਪੁਰ
ਮੇਰਾ ਹੀ ਖੰਡਰ ਹੈ
ਮੇਰੇ ਹੀ ਤਖ਼ਤ ਨੇ
ਮੇਰੇ ਚੋਂ ਉੱਗਾਇਆ ਹੈ
ਇਹ ਖੰਡਰ
ਮੇਰੀ ਇਕੱਲਤਾ ਚੁੱਪ ਤੇ
ਉਦਾਸੀ ਹੈ
ਚੌਦਾਂ ਯੋਜਨ ਲੰਬਾ ਸੀ
ਜੋ ਹੱਥ
ਉਹ ਹੱਥ ਹੀ
ਆਪਣੀ ਦੇਹ ਦੀ ਬਰਬਾਦੀ ਹੈ

-0-

ਕਿੱਧਰੇ ਤਾਜ਼
ਕਿੱਧਰੇ ਤਖ਼ਤ ਖੰਡਰ ਹੈ
ਇਹ ਕਬਰਾਂ
ਇਹ ਸ਼ਮਸ਼ਾਨ ਇਹ ਥੇਹ
ਸਭ ਮੇਰੇ ਹੀ ਅੰਦਰ ਹੈ
ਇਹ ਖੰਡਰ ਛਾਲਾ ਹੈ
ਮੇਰੀ ਅੱਖ 'ਚ
ਜੋ ਠਰਦਾ ਨਹੀਂ ਨਾ ਫਿੱਸਦਾ ਹੈ
ਇਹ ਸਿਲਸਿਲਾ
ਮੇਰੀ ਹੋਂਦ ਦਾ ਲੱਗਦਾ ਹੈ

-0-

ਕਦੀ ਸੀ ਟੁੱਕੜਾ
ਪਾਂਡਵਾਂ ਦੇ ਦਿਲ ਦਾ
ਕਦੀ ਸੀ
ਆਤਮਾ ਕੌਰਵਾਂ ਦੀ ਇਹ
ਅੱਜ ਮਿੱਟੀ ਦਾ ਥੇਹ ਹੈ
ਹਸਤਨਾਪੁਰ ਦੇ ਸੁਨਹਿਰੀ
ਯੁੱਗ ਦੀ ਜੋ ਦੇਹ ਹੈ
ਹਸਤਨਾਪੁਰ ਦੇ
ਖੰਡਰਾਂ ਦੀ ਆਵਾਜ਼ ਹੈ
ਹਿੰਦੁਸਤਾਨ ਦਾ ਸੱਚ
ਹਸਤਨਾਪੁਰ ਦੇ ਖੰਡਰਾਂ 'ਚ
ਆਬਾਦ ਹੈ

-----



ਇਹ ਜੋ
ਬਿਨ ਪੈਰਾਂ ਦੇ ਧੜ
ਬਿਨ ਸਿਰਾਂ ਦੇ ਗਰਦਨਾਂ
ਅਖਵਾਉਂਦੇ ਲੋਕ ਹਨ
ਇਹ ਕਿੱਦਾਂ ਜਿਊਣਗੇ
ਕੀ ਕਰਨਗੇ
ਇਹ ਮੌਤ 'ਚ ਜ਼ਿੰਦਗੀ
ਜਾਂ
ਜ਼ਿੰਦਗੀ 'ਚ ਮੌਤ ਧਰਨਗੇ

(ਸੁਰੱਖ਼ਸ਼ਾ ਵਿਚੋਂ)

ਕਦੀ ਸੀ
ਟੁੱਕੜਾ ਪਾਂਡਵਾਂ ਦੇ ਦਿਲ ਦਾ
ਕਦੀ ਸੀ
ਆਤਮਾ ਕੌਰਵਾਂ ਦੀ ਇਹ
ਅੱਜ ਮਿੱਟੀ ਦਾ ਥੇਹ ਹੈ
ਹਸਤਨਾਪੁਰ ਦੇ ਸੁਨਹਿਰੀ
ਯੁੱਗ ਦੀ ਜੋ ਦੇਹ ਹੈ
ਹਸਤਨਾਪੁਰ ਦੇ ਖੰਡਰਾਂ ਦੀ ਆਵਾਜ਼ ਹੈ
ਹਿੰਦੁਸਤਾਨ ਦਾ ਸੱਚ
ਹਸਤਨਾਪੁਰ ਦੇ ਖੰਡਰਾਂ 'ਚ ਆਬਾਦ ਹੈ

(ਹਸਤਨਾਪੁਰ ਵਿਚੋਂ)

ਚਰਨ ਸਿੰਘ